# ਸਤਿਸੰਗ

# ਗੁਰਬਾਣੀ ਉਪਮਾ

॥ ਰਾਮਕਲੀ ਮਹਲਾ ੫ ॥ (ਅੰਗ892)

**ਦੀਨੋ ਨਾਮੁ ਕੀਓ ਪਵਿਤੁ ॥**

**ਹਰਿ ਧਨੁ ਰਾਸਿ ਨਿਰਾਸ ਇਹ ਬਿਤੁ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਜੀਵ ਨੂੰ ਉਪਦੇਸ਼ ਮਿਲਦਾ ਹੈ ਉਸਦੇ ਪਿਛਲੇ ਸਾਰੇ ਕਰਮਾਂ ਦੀ ਸਫ਼ਾਈ ਹੋ ਜਾਂਦੀ ਹੈ। ਉਹ ਜੀਵ ਪਵਿਤ੍ਰ ਹੋ ਜਾਂਦਾ ਹੈ ਅਤੇ ਉਸ ਨੂੰ ਇੱਕ ਰਾਸ ਦੀ ਪ੍ਰਾਪਤੀ ਹੋ ਜਾਂਦੀ ਹੈ। ਅਸੀਂ ਉਪਦੇਸ਼ ਦੇਣ ਲੱਗਿਆਂ ਅਤੇ ਸਤਿਸੰਗ ਵਿੱਚ ਹਮੇਸ਼ਾ ਦੱਸਦੇ ਹਾਂ ਕਿ ਜਦੋਂ ਜੀਵ ਨੂੰ ਉਪਦੇਸ਼ ਮਿਲਦਾ ਹੈ ਉਦੋਂ ਹਰ ਹਾਲਤ ਵਿੱਚ ਜੀਵ ਨੂੰ ਅਵੱਸ਼ ਦਰਸ਼ਨ ਹੁੰਦੇ ਹਨ। ਬਾਦ ਵਿੱਚ ਚਾਹੇ ਬੰਦ ਹੋ ਜਾਣ। ਕਿਉਂਕਿ ਉਪਦੇਸ਼ ਦੇ ਸਮੇਂ ਦਾ ਮਿਲਿਆ ਸਿਮਰਨ ਰੂਪੀ ਧਨ ਉਸ ਜੀਵ ਦੇ ਪਾਸ ਹੁੰਦਾ ਹੈ। ਉਸ ਧਨ ਦੀ ਸ਼ਕਤੀ ਦਾ ਸਦਕਾ ਹੀ ਜੀਵ ਨੂੰ ਦਰਸ਼ਨ ਹੁੰਦੇ ਹਨ। ਬਾਦ ਵਿੱਚ ਅਸੀਂ ਸਿਮਰਨ ਨਹੀਂ ਕਰਦੇ ਜਾਂ ਅਵੱਗਿਆ ਕਰ ਲੈਂਦੇਂ ਹਾਂ ਫੇਰ ਦਰਸ਼ਨ ਘੱਟ ਹੋ ਜਾਂਦੇ ਹਨ ਜਾਂ ਬੰਦ ਹੋ ਜਾਂਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਧੂ ਜੋ ਉਪਦੇਸ਼ ਦਿੰਦੇ ਹਨ ਉਹ ਛੋਟੀ ਜਿਹੀ ਗੱਲ ਨਹੀਂ ਹੁੰਦੀ । ਉਸ ਦਾ ਲਕਸ਼ ਇਹ ਹੁੰਦਾ ਹੈ ਕਿ ਉਹ ਜੀਵ ਨੂੰ ਅਪਣੇ ਕੋਲੋਂ ਨਾਮ ਦੀ ਰਾਸ ਦੇ ਕੇ ਉਸਦੀ ਆਤਮਾ ਨੂੰ ਪਵਿੱਤਰ ਕਰ ਦਿੰਦੇ ਹਨ। ਫੇਰ ਉਸ ਨੂੰ ਅਗਾਂਹ ਲਈ ਵੀ ਰਾਸ ਦੇ ਦਿੰਦੇ ਹਨ। ਰਾਸ ਤੋਂ ਕੀ ਭਾਵ ਹੈ ? ਕਈ ਲੜਕੇ ਵਾਲੇ ਕਹਿੰਦੇ ਹਨ ਕਿ ਸਾਨੂੰ ਦਹੇਜ ਵਿੱਚ ਕਾਰ ਚਾਹੀਦੀ ਹੈ। ਪਰ ਉਹਨਾਂ ਦੇ ਘਰ ਪੈਟਰੋਲ ਪਾਉਣ ਲਈ ਵੀ ਪੈਸੇ ਨਹੀਂ ਹੁੰਦੇ। ਪ੍ਰੰਤੂ ਸਾਧੂ ਅਗਰ ਜੀਵ ਨੂੰ ਕਾਰ ਬਖਸ਼ਦੇ ਹਨ ਤਾਂ ਨਾਲ ਪੈਟਰੋਲ ਲਈ ਪੈਸੇ ਵੀ

ਬਖਸ਼ਦੇ ਹਨ। ਨਾਲ ਧਨ ਦੌਲਤ ਵੀ ਬਖਸ਼ਦੇ ਹਨ ਕਿ ਪੁੱਤਰ ਤੂੰ ਇਸ ਨੂੰ ਚਲਾ। ਇਸ ਤਰ੍ਹਾਂ ਸਾਧੂ ਵਸਤੂ ਦੇ ਕੇ ਨਾਲ ਖਰਚਣ ਲਈ ਵੀ ਪੈਸੇ ਦਿੰਦੇ ਹਨ।

*ਖਿਲਾ ਦੇ ਪਿਲਾ ਦੇ ਲੁਟਾ ਦੇ ਬਨਾ ਲੇ ਅਪਨਾ ਕਾਮ।*

*ਚਲਤੀ ਨਦੀਆ ਬਹਿ ਰਹੀ ਸਾਥ ਨਾ ਚਾਲੇ ਦਾਮ।*

ਇਸ ਕਰਕੇ ਸਾਧੂ ਨਾਮ ਦਾ ਧਨ ਦੇ ਕੇ ਆਤਮਾ ਨੂੰ ਪਵਿੱਤਰ ਕਰ ਦਿੰਦੇ ਹਨ ਅਤੇ ਨਾਲ ਰਾਸ ਵੀ ਦੇ ਦਿੰਦੇ ਹਨ।

*ਦੇਦਾ ਦੇ ਲੈਦੇ ਥਕਿ ਪਾਹਿ॥*

*ਜੁਗਾ ਜੁਗੰਤਰਿ ਖਾਹੀ ਖਾਹਿ॥ (ਅੰਗ 2)*

ਸਾਧੂ ਜੁਗਾਂ ਤੱਕ ਖਾਣ ਲਈ ਜੀਵ ਉਪੱਰ ਬਖਸ਼ਿਸ਼ ਕਰਦੇ ਹਨ।

**ਕਾਟੀ ਬੰਧਿ ਹਰਿ ਸੇਵਾ ਲਾਏ॥**

**ਹਰਿ ਹਰਿ ਭਗਤਿ ਰਾਮ ਗੁਣ ਗਾਏ॥੧॥**

ਸਾਧੂ ਜੀਵ ਨੂੰ ਕਾਲ ਦੇ ਬੰਧਨਾਂ ਤੋਂ ਛੁਡਾਉਣ ਲਈ ਸੇਵਾ ਲਾ ਦਿੰਦੇ ਹਨ ਕਿ ਉੱਥੇ ਜਾ ਕੇ ਦੋ ਮਿੰਟ ਸੇਵਾ ਕਰਿਉ। ਸਿਮਰਨ ਦੀ ਸੇਵਾ ਬਹੁਤ ਔਖੀ ਹੁੰਦੀ ਹੈ। ਪੈਸੇ ਦੀ ਸੇਵਾ ਦੀ ਜੀਵ ਗਿਣਤੀ ਮਿਣਤੀ ਕਰਦਾ ਹੈ। ਜਦੋਂ ਤਨ ਦੀ ਸੇਵਾ ਜਾ ਕੇ ਕਰਦਾ ਹੈ ਤਦ ਸੋਚਦਾ ਹੈ ਕਿ ਕੋਈ ਗੱਲ ਨਹੀਂ ਦੋ ਮਿੰਟ ਸੇਵਾ ਹੀ ਕਰ ਆਏ ਹਾਂ। ਇਸ ਕਰਕੇ ਤਨ ਦੀ ਸੇਵਾ ਸਭ ਤੋਂ ਉਤੱਮ ਸਮਝੀ ਗਈ ਹੈ ਕਿਉਂਕਿ ਤਨ ਦੀ ਸੇਵਾ ਕਰਕੇ ਜੀਵ ਪਕੜ ਨਹੀਂ ਕਰਦਾ ਜਦ ਕਿ ਪੈਸਾ ਦੇ ਕੇ ਜੀਵ ਪਕੜ ਕਰ ਲੈਂਦਾ ਹੈ। ਫੇਰ

*ਸਤਿਗੁਰ ਸੇਤੀ ਗਣਤ ਜਿ ਰਖੈ*

*ਹਲਤੁ ਪਲਤੁ ਸਭੁ ਤਿਸ ਕਾ ਗਇਆ॥ (ਅੰਗ 307)*

ਉਸ ਦਾ ਕੀਤਾ ਕਰਾਇਆ ਸਭ ਜਾਂਦਾ ਰਹਿੰਦਾ ਹੈ। ਸੋਈ ਮਾਲਿਕ ਜੀਵ ਦੇ ਕਾਲ ਦੇ ਬੰਧਨ ਵੀ ਕੱਟ ਦਿੰਦੇ ਹਨ ਅਤੇ ਜੀਵ ਰਾਮ ਦੇ ਗੁਣ ਗਾਉਣ ਲੱਗ ਪੈਂਦਾ ਹੈ। ਬੰਧਨ ਤਾਂ ਵਾਸਤਵ ਵਿੱਚ ਹਜ਼ੂਰ ਹੀ ਕੱਟਦੇ ਹਨ ਪਰ ਉਹ ਰਾਮ ਦੇ ਗੁਣ ਗਵਾਉਂਦੇ ਹਨ। ਜਿੱਥੇ ਰਾਮ ਦੇ ਗੁਣ ਗਾਏ ਜਾਂਦੇ ਹਨ ਉੱਥੇ ਕਾਲ ਦਾ ਫੰਦਾ ਆਪਣੇ ਆਪ ਖਤਮ ਹੋ ਜਾਣਾ ਹੈ।

**ਬਾਜੇ ਅਨਹਦ ਬਾਜਾ॥**

*ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥ (ਅੰਗ 730)*

ਉੱਥੇ ਫੇਰ ਹਰਮੋਨੀਅਮ ਜਾਂ ਕਿਸੇ ਹੋਰ ਸਾਜ ਤੋਂ ਬਗੈਰ ਅੰਦਰ ਵਾਜੇ ਖੜਕਦੇ ਹਨ।

*ਹਰਿ ਜੀਉ ਗੁਫਾ ਅੰਦਰਿ ਰਖਿ ਕੈ*

*ਵਾਜਾ ਪਵਣੁ ਵਜਾਇਆ॥ (ਅੰਗ 922)*

ਹੁਣ ਅਸੀਂ ਬੋਲ ਰਹੇ ਹਾਂ ਅਤੇ ਅਵਾਜ ਤੁਹਾਡੇ ਕੰਨਾਂ ਵਿੱਚ ਜਾ ਕੇ ਵਾਪਸ ਆ ਰਹੀ ਹੈ। ਗੁਫ਼ਾ ਰਾਹੀਂ ਤੁਸੀਂ ਸੁਣਦੇ ਹੋ। ਜਿਸ ਦੀ ਗੁਫ਼ਾ ਠੀਕ ਨਹੀਂ ਹੁੰਦੀ ਉਸ ਨੂੰ ਸੁਣਾਈ ਨਹੀਂ ਦਿੰਦਾ। ਅਗਰ ਤੁਸੀਂ ਕੁਦਰਤ ਦੀ ਅਤੇ ਕਾਦਰ ਦੀ ਸਿਫ਼ਤ ਕਰਨੀ ਹੋਵੇ ਜਾਂ ਨਜ਼ਾਰਾ ਦੇਖਣਾ ਹੋਵੇ ਤਦ ਤੁਸੀਂ ਪਹਾੜਾਂ ਵਿੱਚ ਜਾਂ ਦੱਰਿਆ ਦੇ ਕੰਢੇ ਚਲੇ ਜਾਉ। ਉੱਥੇ ਜਦੋਂ ਹਵਾ ਚੱਲਦੀ ਹੈ ਤਦ ਉਹ ਪਹਾੜਾ ਅਤੇ ਪੱਥਰਾਂ ਨਾਲ ਟੱਕਰਾ ਕੇ ਸੋਹਣੇ ਸੋਹਣੇ ਸਾਜਾਂ ਦੀ ਧੁਨਿ ਕੱਢਦੀ ਹੈ। ਉੱਥੇ ਕੋਈ ਹਰਮੋਨੀਅਮ ਵਾਜਾ ਨਹੀਂ ਵੱਜ ਰਿਹਾ ਹੁੰਦਾ। ਉੱਥੇ ਸੀਟੀਆਂ ਦੀਆਂ ਅਤੇ ਹੋਰ ਅਵਾਜਾਂ ਸੁਣਦੀਆਂ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਜੀਵ ਸਿਮਰਨ ਕਰਦੇ ਹਨ ਉਹਨਾਂ ਦੇ ਅੰਦਰ ਰਹਿਮਤ ਖੜਕਣੀ, ਵਾਜੇ ਵੱਜਣੇ ਸ਼ੁਰੂ ਹੋ ਜਾਂਦੇ ਹਨ।

*ਬੇਨੁ ਬਜਾਵੈ ਗੋਧਨੁ ਚਰੈ॥*

*ਨਾਮੇ ਕਾ ਸੁਆਮੀ ਆਨਦ ਕਰੈ॥ (ਅੰਗ 988)*

**ਰਸਕਿ ਰਸਕਿ ਗੁਣ ਗਾਵਹਿ ਹਰਿ ਜਨ**

**ਅਪਨੈ ਗੁਰਦੇਵ ਨਿਵਾਜਾ॥੧॥ ਰਹਾਉ॥**

ਫੇਰ ਉਹ ਜੀਵ ਜਾਹਿਰ ਨਹੀਂ ਕਰਦੇ ਅਤੇ ਬੜੀ ਨਿਮਰਤਾ ਵਿੱਚ ਆ ਕੇ ਪਿਆਰ ਨਾਲ ਪ੍ਰਭੂ ਦੇ ਗੁਣ ਗਾਉਂਦੇ ਹਨ ਅਤੇ ਇਹੋ ਹੀ ਕਹਿੰਦੇ ਹਨ ਕਿ ਹਜ਼ੂਰ ਤੁਹਾਡੀ ਹੀ ਨਿਵਾਜਿਸ਼ ਹੈ ਮੇਰੀ ਕੋਈ ਕਰਤੂਤ ਨਹੀਂ ਹੈ।

*ਗਰ ਤੂ ਮੁਝੇ ਨਿਵਾਜੇ ਤੇਰਾ ਕਰਮ ਹੈ ਵਰਨਾ।*

*ਤੇਰੀ ਰਹਿਮਤੋਂ ਦਾ ਬਦਲਾ ਮੇਰੀ ਬੰਦਗੀ ਨਹੀਂ ਹੈ॥*

ਜੀਵ ਮਾਲਿਕ ਦਾ ਸ਼ੁਕਰਾਨਾ ਵੀ ਕਰਦੇ ਹਨ ਕਿ ਹਜ਼ੂਰ ਇਹ ਤੁਹਾਡੀ ਹੀ ਵਡਿਆਈ ਹੈ ਵਰਨਾ ਮੈਂ ਮਿਹਨਤ ਕਰਕੇ ਇਹ ਵਾਜੇ ਨਹੀਂ ਸੀ ਸੁਣ ਸਕਦਾ। ਹਜ਼ੂਰ ਤੁਸੀਂ ਬਹੁਤ ਬਖਸ਼ਿਸ਼ ਕੀਤੀ ਹੈ ਇਹ ਤੁਹਾਡੀ ਹੀ ਵਡਿਆਈ ਹੈ।

**ਆਇ ਬਨਿਓ ਪੂਰਬਲਾ ਭਾਗੁ॥**

**ਜਨਮ ਜਨਮ ਕਾ ਸੋਇਆ ਜਾਗੁ॥**

*ਕਈ ਜਨਮ ਭਏ ਕੀਟ ਪਤੰਗਾ॥*

*ਕਈ ਜਨਮ ਗਜ ਮੀਨ ਕੁਰੰਗਾ॥*

*ਕਈ ਜਨਮ ਪੰਖੀ ਸਰਪ ਹੋਇਓ॥*

*ਕਈ ਜਨਮ ਹੈਵਰ ਬ੍ਰਿਖ ਜੋਇਓ॥ (ਅੰਗ 176)*

ਅਗਰ ਜੀਵ ਦੇ ਪਿਛਲੇ ਕਰਮ ਉਦੋਂ ਹੋਣ

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*

*ਭੇਟਿਓ ਪੁਰਖੁ ਰਸਿਕ ਬੈਰਾਗੀ॥*

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*

*ਜਨਮ ਜਨਮ ਕੀ ਸੋਈ ਜਾਗੀ॥ (ਅੰਗ 204)*

ਜਦੋਂ ਪੂਰਬਲਾ ਕਰਮ ਜਾਗਦਾ ਹੈ ਫੇਰ ਹੀ ਜੀਵ ਭਗਤੀ

ਵੱਲ ਤੁਰਦਾ ਹੈ ਅਤੇ ਸਾਧੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ।

**ਗਈ ਗਿਲਾਨਿ ਸਾਧ ਕੈ ਸੰਗਿ ॥**

**ਮਨੁ ਤਨੁ ਰਾਤੋ ਹਰਿ ਕੈ ਰੰਗਿ ॥੨॥**

ਜੋ ਕਾਲ ਦੇ ਚੱਕਰ ਹਨ ਉਹ ਸਾਧੂ ਦੀ ਸੰਗਤ ਵਿੱਚ ਆਉਂਦਿਆਂ ਆਪਣੇ ਆਪ ਹੀ ਦੂਰ ਹੋ ਜਾਂਦੇ ਹਨ।

**ਰਾਖੇ ਰਾਖਨਹਾਰ ਦਇਆਲ ॥**

**ਨਾ ਕਿਛੁ ਸੇਵਾ ਨਾ ਕਿਛੁ ਘਾਲ ॥**

ਜੋ ਜੀਵ ਰਾਸ਼ਨ ਲਿਆ ਕੇ ਸੰਗਤ ਨੂੰ ਖੁਆਉਂਦੇ ਹਨ ਉਹਨਾਂ ਦੀ ਵੀ ਸੇਵਾ ਹੈ ਅਤੇ ਜੋ ਖਾਂਦੇ ਹਨ ਉਹਨਾਂ ਦੀ ਵੀ ਸੇਵਾ ਬਣ ਜਾਂਦੀ ਹੈ। ਅਗਰ ਸਾਰੇ ਲਿਆਉਣ ਵਾਲੇ ਹੀ ਹੋਣ ਤਾਂ ਉਸ ਨੂੰ ਕੌਣ ਖਾਵੇਗਾ। ਖਾਣ ਵਾਲਿਆਂ ਦੀ ਵੀ ਸੇਵਾ ਬਣ ਜਾਂਦੀ ਹੈ ਅਤੇ ਖੁਆਉਣ ਵਾਲਿਆਂ ਦੀ ਵੀ ਸੇਵਾ ਬਣ ਜਾਂਦੀ ਹੈ। ਇਸ ਕਰਕੇ

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥*

*(ਅੰਗ 644)*

ਅਗਰ ਤੁਸੀਂ ਫੁਲਕਾ ਖਾਣ ਲੱਗੇ ਕਹੋ ਕਿ ਹਜ਼ੂਰ! ਤੁਹਾਡਾ ਬਖਸ਼ਿਆ ਖਾਣ ਲੱਗੇ ਹਾਂ। ਤਦ ਉਹ ਵੀ ਤੁਹਾਡੀ ਸੇਵਾ ਬਣ ਜਾਵੇਗੀ।

ਸਾਡੇ ਬਜੁਰਗ ਖਾਣਾ ਅੱਗੇ ਰੱਖ ਕੇ ਦੋ ਕੁ ਮਿੰਟ ਕੁਝ ਮੂੰਹ ਵਿੱਚ ਬੋਲ ਕੇ ਫੇਰ ਰੋਟੀ ਖਾਂਦੇ ਸੀ। ਅਸੀਂ ਛੋਟੇ ਸੀ ਤਦ ਅਸੀਂ ਪੁੱਛਣਾ ਬਾਪੂ ਜੀ ਮੂੰਹ ਵਿੱਚ ਕੀ ਬੋਲ ਰਹੇ ਸੀ। ਉਹਨਾਂ ਨੇ ਕਹਿਣਾ ਪੁੱਤਰ ਜਦੋਂ ਤੂੰ ਵੱਡਾ ਹੋਵੇਂਗਾ ਤੈਨੂੰ ਆਪਣੇ ਆਪ ਪਤਾ ਲੱਗ ਜਾਵੇਗਾ ਕਿ ਅਸੀਂ ਮੂੰਹ ਵਿੱਚ ਕੀ ਬੋਲ ਰਹੇ ਹਾਂ। ਇਸ ਤਰ੍ਹਾਂ ਸਾਡੇ ਬਜੁਰਗ ਪਰਮਾਤਮਾ ਨੂੰ ਧਿਆਉਣ ਤੋਂ ਬਿਨਾਂ ਖਾਣਾ ਵੀ ਨਹੀਂ ਖਾਂਦੇ ਸੀ। ਜਦੋਂ ਤੁਸੀਂ ਉਸ ਤਾਕਤ ਨੂੰ ਚੇਤੇ ਕਰਕੇ ਕੋਈ ਕੰਮ ਕਰਦੇ ਹੋ ਤਦ ਉਹ ਵੀ ਤੁਹਾਡੀ ਸੇਵਾ ਬਣ ਜਾਂਦੀ ਹੈ ਕਿਉਂਕਿ

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ*

*ਚੀਤਿ ਆਵਹਿ ਤਾਂ ਸੇਵਾ ॥ (ਅੰਗ 383)*

ਜਦੋਂ ਤੁਸੀਂ ਸਤਿਗੁਰ ਨੂੰ ਰੋਟੀ ਖਾਣ ਲੱਗਿਆਂ ਚੇਤੇ ਕਰ ਲਿਆ ਤਦ ਸੇਵਾ ਬਣ ਗਈ। ਪਾਣੀ ਪੀਣ ਲੱਗਿਆਂ ਚੇਤੇ ਕਰ ਲਿਆ ਤਦ ਸੇਵਾ ਬਣ ਗਈ। ਇਹ ਕਿੰਨੀ ਸੌਖੀ ਜੁਗਤੀ ਹੈ ਜਿਸ ਉੱਪਰ ਕੋਈ ਖਰਚਾ ਨਹੀਂ ਆਉਂਦਾ ਅਤੇ ਨਾ ਹੀ ਕੋਈ ਜ਼ੋਰ ਲੱਗਦਾ ਹੈ।

**ਕਰਿ ਕਿਰਪਾ ਪ੍ਰਭਿ ਕੀਨੀ ਦਇਆ ॥**

**ਬੂਡਤ ਦੁਖ ਮਹਿ ਕਾਢਿ ਲਇਆ ॥੩॥**

ਹਜ਼ੂਰ! ਮੈਂ, ਕਾਮ, ਕਰੋਧ, ਲੋਭ, ਮੋਹ ਹੰਕਾਰ ਦੇ ਭਵ ਸਾਗਰ ਵਿੱਚ ਡੁੱਬ ਰਿਹਾ ਸੀ। ਤੁਸੀਂ ਮੇਰੇ ਉੱਪਰ ਕਿਰਪਾ ਕਰਕੇ

*ਬਾਂਹਿ ਪਕਰਿ ਕਢਿ ਲੀਨੇ ਅਪੁਨੇ*

*ਗ੍ਰਿਹ ਅੰਧ ਕੂਪ ਤੇ ਮਾਇਆ ॥ (ਅੰਗ 1208)*

ਮੈਨੂੰ ਅਨ੍ਹੇ ਖੂਹ ਵਿੱਚ ਡੁੱਬਦੇ ਨੂੰ ਬਾਹੋਂ ਫੜ ਕੇ ਬਾਹਰ ਕੱਢ ਕੇ ਰੱਖਿਆ ਕੀਤੀ ਹੈ। ਹਜ਼ੂਰ ਦੀ ਇਹੋ ਵਡਿਆਈ ਹੈ।

**ਸੁਣਿ ਸੁਣਿ ਉਪਜਿਓ ਮਨ ਮਹਿ ਚਾਉ ॥**

**ਆਠ ਪਹਰ ਹਰਿ ਕੇ ਗੁਣ ਗਾਉ ॥**

ਇਹ ਬਚਨ ਸੁਣ ਕੇ ਸਾਰਿਆਂ ਦੇ ਮਨ ਵਿੱਚ ਚਾਅ ਆਇਆ ਹੈ ਕਿ ਚੰਗੀ ਗੱਲ ਹੈ ਜੋ ਆ ਕੇ ਸਤਿਸੰਗ ਸੁਣਦੇ ਹਾਂ ਅਤੇ ਸਿਮਰਨ ਵੀ ਕਰੀਏ ਕਿਉਂਕਿ

*ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥*

*(ਅੰਗ 660)*

ਸਾਧੂਆਂ ਦੇ ਬਚਨ ਸੁਣ ਕੇ ਮਨ ਵਿੱਚ ਜਰੂਰ ਉਲਾਸ ਆਉਂਦਾ ਹੈ ਕਿ ਐ ਮਨਾ! ਇਹ ਤਾਂ ਸੌਖਾ ਹੀ ਕੰਮ ਹੈ। ਤੂੰ ਵੀ ਖਾਣਾ ਖਾਣ ਲੱਗਿਆਂ ਦੋ ਮਿੰਟ ਹੱਥ ਜੋੜ ਲਿਆ ਕਰ। ਪਰ ਤੁਸੀਂ ਤਜਰਬਾ ਕਰਿਉ ਇਕ ਦੋ ਦਿਨ ਚੇਤੇ ਰਹਿੰਦਾ ਹੈ ਫੇਰ ਭੁੱਲ ਜਾਂਦਾ ਹੈ। ਕਿਉਂਕਿ ਜੀਵ ਨੂੰ ਰੋਟੀ ਖਾਣ ਦੀ ਕਾਹਲੀ ਪਈ ਹੁੰਦੀ ਹੈ। ਉਹ ਤਾਂ ਘਰ ਵਾਲਿਆਂ ਨਾਲ ਵੀ ਲੜ ਰਿਹਾ ਹੁੰਦਾ ਹੈ ਕਿ ਰੋਟੀ ਲੇਟ ਕਿਉਂ ਕੀਤੀ ਹੈ। ਉਦੋਂ ਰੱਬ ਨੂੰ ਧਿਆਉਣ ਦਾ ਚੇਤਾ ਕਿੱਥੇ ਰਹਿੰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਹਜ਼ੂਰ ਦੀ ਬੜੀ ਬਖਸ਼ਿਸ਼ ਹੋਈ ਹੈ ਜੋ ਉਹਨਾਂ ਨੇ ਮੈਨੂੰ ਚੇਤਾ ਕਰਵਾ ਦਿੱਤਾ ਹੈ। ਇਸ ਕਰਕੇ ਮੈਂ ਹੁਣ ਹਰ ਰੋਜ਼ ਖਾਣਾ ਖਾਣ ਲੱਗਿਆਂ ਮਾਲਿਕ ਨੂੰ ਚੇਤੇ ਕਰ ਲਿਆ ਕਰਾਂਗਾ।

*ਖਾਤੇ ਪੀਤੇ ਚਲਤੇ ਫਿਰਤੇ*

*ਸੋਵਤ ਜਾਗਤ ਬਿਸਰ ਨਹੀ ਜਾਤ।*

ਹਜ਼ੂਰ ਮੇਰੇ ਕੋਲੋਂ ਹਮੇਸ਼ਾ ਕੋਸ਼ਿਸ਼ ਕਰਵਾਉ ਕਿ ਮੈਂ ਤੁਹਾਨੂੰ ਵਿਸਰਾਂ ਨਾ।

**ਗਾਵਤ ਗਾਵਤ ਪਰਮ ਗਤਿ ਪਾਈ ॥**

**ਗੁਰ ਪ੍ਰਸਾਦਿ ਨਾਨਕ ਲਿਵ ਲਾਈ ॥੪॥**

ਜਿਉਂ ਜਿਉਂ ਤੁਸੀਂ ਲਿਵ ਲਾ ਕੇ ਪ੍ਰਭੂ ਦੇ ਗੁਣ ਗਾਉਗੇ ਤਦ ਪਰਮ ਗਤੀ ਅਰਥਾਤ ਸਭ ਤੋਂ ਉੱਚੀ ਅਤੇ ਸੁੱਚੀ ਗਤੀ ਦੀ ਤੁਸੀਂ ਪ੍ਰਾਪਤੀ ਕਰ ਲਵੋਗੇ। ਕਈ ਵਾਰ ਜੀਵ ਦਾ ਖੇਦ ਕਰਮ ਆਇਆ ਹੁੰਦਾ ਹੈ। ਉਹ ਵੀ ਹਜ਼ੂਰ ਕਿਰਪਾ ਕਰਕੇ ਠੀਕ ਕਰ ਦਿੰਦੇ ਹਨ। ਗੁਰੂ ਦੇ ਗੁਣ ਗਾਉਣ ਨਾਲ ਸਾਰੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

# ਸਤਿਸੰਗ

॥ ਦੇਵਗੰਧਾਰੀ ਮਹਲਾ ੫ ॥ (ਅੰਗ 532)

**ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆ ਵਾਲਿਉ! ਤੁਹਾਡੇ ਅਤੇ ਸਾਡੇ ਹਿਰਦੇ ਵਿੱਚ ਰੀਝ ਹੋਣੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਤੁਸੀਂ ਮੈਨੂੰ ਆਪਣੇ ਦਰਸ਼ਨ ਬਖਸ਼ੋ। ਹਜ਼ੂਰ ਮੈਂ ਜਿਸ ਵਕਤ ਉਦਾਸ ਹੋਵਾਂ ਤੁਸੀਂ ਮੈਨੂੰ ਜਰੂਰ ਦਰਸ਼ਨ ਬਖਸ਼ਿਉ। ਕਈ ਵਾਰ ਜੀਵ ਸਾਧੂਆਂ ਨੂੰ ਮਿਲਣ ਲਈ ਜਾਂਦਾ ਹੈ ਪਰ ਮਿਲਾਪ ਨਹੀਂ ਹੁੰਦਾ। ਕਈ ਵਾਰ ਜੀਵ ਸਹਿਵਨ ਹੀ ਮੱਥਾ ਟੇਕਣ ਜਾਂਦਾ ਹੈ ਤਦ ਮਿਲਾਪ ਹੋ ਜਾਂਦਾ ਹੈ। ਇਸ ਕਰਕੇ ਹਜ਼ੂਰ ਮੇਰੇ ਉਪੱਰ ਬਖਸ਼ਿਸ਼ ਕਰਿਉ ਜਦੋਂ ਵੀ ਮੇਰੇ ਚਿੱਤ ਵਿੱਚ ਤੁਹਾਨੂੰ ਮਿਲਣ ਦੀ ਖਾਹਿਸ਼ ਪੈਦਾ ਹੋਵੇ ਉਦੋਂ ਮੈਨੂੰ ਦਰਸ਼ਨ ਜਰੂਰ ਬਖਸ਼ਿਉ।

**ਸੁੰਦਰ ਧਿਆਨੁ ਧਾਰੁ ਦਿਨੁ ਰੈਨੀ**
**ਜੀਅ ਪ੍ਰਾਨ ਤੇ ਪਿਆਰਾ ॥੧॥ ਰਹਾਉ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐ ਜੀਵ! ਅਗਰ ਤੂੰ ਇਸ ਤਰ੍ਹਾਂ ਚਾਹੁੰਦਾ ਏਂ ਤਦ ਤੂੰ ਆਪਣੇ ਮਨ ਦਾ ਵੀ ਸੁੰਦਰ ਅਤੇ ਸਾਫ਼ ਧਿਆਨ ਲਾ। ਦਿਨ-ਰਾਤ ਮਨ ਵਿੱਚ ਅੱਛੇ ਖਿਆਲ ਲਿਆ ਅਤੇ ਉਸ ਤਾਕਤ ਨੂੰ ਆਪਣੇ ਪ੍ਰਾਣਾਂ ਵਾਂਗ ਪਿਆਰ ਕਰ। ਅਗਰ ਤੂੰ ਇਸ ਤਰ੍ਹਾਂ ਦੀਆਂ ਭਾਵਨਾਵਾਂ ਰੱਖੇਂਗਾ ਫੇਰ ਤੂੰ ਜੋ ਵੀ ਖਾਹਿਸ਼ ਅਤੇ ਇੱਛਾ ਕਰੇਂਗਾ ਮਾਲਿਕ ਉਸੇ ਵਕਤ ਪੂਰੀ ਕਰਨਗੇ।

*ਐਸਾ ਲਕਸ਼ ਪਕਾ ਤੂੰ ਮੁਰਸ਼ਦ ਦਾ*
*ਜਬ ਦੇਖਾ ਸਾਹਮਣੇ ਤੂੰ ਹੋਵੇਂ॥*
*ਅੱਖ ਮੀਟਿਆਂ ਤੇਰੀ ਸ਼ਕਲ ਹੋਵੇ*
*ਜਬ ਖੋਹਲਾਂ ਸਾਹਮਣੇ ਤੂੰ ਹੋਵੇਂ॥*

ਹਜ਼ੂਰ ਮੇਰਾ ਐਸਾ ਪਿਆਰ ਅਤੇ ਭਾਵ ਬਣਾਉ ਕਿ ਜਦੋਂ ਅੱਖਾਂ ਖੋਹਲਾਂ ਤਦ ਵੀ ਸਾਹਮਣੇ ਤੁਹਾਡੇ ਦਰਸ਼ਨ ਹੋਣ ਜਦੋਂ ਅੱਖ ਮੀਟਾਂ ਤਦ ਵੀ ਤੁਹਾਡੇ ਦਰਸ਼ਨ ਹੋਣ।

**ਸਾਸਤ੍ਰ ਬੇਦ ਪੁਰਾਨ ਅਵਿਲੋਕੇ**
**ਸਿਮ੍ਰਿਤਿ ਤਤੁ ਬੀਚਾਰਾ ॥**

ਚਾਰ ਵੇਦ, ਛੇ ਸ਼ਾਸਤਰ, ਅਠਾਰਾਂ ਪੁਰਾਣ ਅਤੇ ਸਿਮ੍ਰਤੀਆਂ ਪੜ੍ਹ ਲਈਏ ਤਦ ਵੀ ਖੋਜ ਕਰਕੇ ਇਕੋ ਗੱਲ ਦਾ ਪਤਾ ਚੱਲਦਾ ਹੈ ਜਿਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਦੀਨਾਨਾਥ ਪ੍ਰਾਨਪਤਿ ਪੂਰਨ**
**ਭਵਜਲ ਉਧਰਨਹਾਰਾ ॥੧॥**

ਉਹ ਹਜ਼ੂਰ ਗਰੀਬਾਂ ਦੀ ਨਿਵਾਜਿਸ਼ ਕਰਦੇ ਹਨ। ਕਾਮ, ਕਰੋਧ, ਲੋਭ, ਮੋਹ ਹੰਕਾਰ ਦੇ ਭਵਸਾਗਰ ਤੋਂ ਪਾਰ ਉਤਾਰਾ ਕਰਦੇ ਹਨ। ਉਹਨਾਂ ਦੀ ਸ਼ਰਨ ਵਿੱਚ ਆਉਣ ਨਾਲ ਕੋਈ ਵੀ ਕਾਰਜ ਅਧੂਰਾ ਨਹੀਂ ਰਹਿ ਸਕਦਾ, ਕਿਸੇ ਕੰਮ ਵਿੱਚ ਕੋਈ ਕਮੀ ਨਹੀਂ ਆ ਸਕਦੀ। ਅਗਰ ਜੀਵ ਸ਼ਰਧਾ ਨਾਲ ਤੁਰੇ ਫੇਰ ਹਜ਼ੂਰ ਸਾਰੀਆਂ ਖੁਸ਼ੀਆਂ ਬਖਸ਼ਦੇ ਹਨ।

**ਆਦਿ ਜੁਗਾਦਿ ਭਗਤ ਜਨ ਸੇਵਕ**
**ਤਾ ਕੀ ਬਿਖੈ ਅਧਾਰਾ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਆਦਿ ਜੁਗਾਦਿ ਤੋਂ ਜਿੰਨੇ ਵੀ ਸਾਧੂ ਸੰਤ ਹੋਏ ਹਨ ਉਹਨਾਂ ਨੇ ਕਾਮ, ਕਰੋਧ ਲੋਭ, ਮੋਹ, ਹੰਕਾਰ ਨਾਲ ਭਰੇ ਹੋਏ ਸਾਰੇ ਜੀਵਾ ਦਾ ਅਧਾਰ ਕੀਤਾ ਹੈ। ਭੂਮੀਆ ਚੋਰ, ਬਿਧੀ ਚੰਦ ਡਕੈਤ, ਅਜਾਮਲ ਪਾਪੀ, ਗਣਕਾ ਵੇਸਵਾ, ਕੌਡਾ ਰਾਖਸ਼, ਸਧਨਾ ਕਸਾਈ ਸਾਰੇ ਹੀ ਗੁਨਾਹਾਂ ਦੇ ਭਰੇ ਹੋਏ ਸਨ। ਹਜ਼ੂਰ ਨੇ ਕਿਰਪਾ ਕੀਤੀ ਅਤੇ ਸਾਰੇ ਹੀ ਬਖਸ਼ੇ ਗਏ।

**ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ**
**ਪਰਮੇਸਰੁ ਦੇਵਨਹਾਰਾ ॥੨॥**

ਐਸੇ ਜਨਾਂ ਦੀ ਧੂੜ, ਉਹਨਾਂ ਦੇ ਬਚਨਾਂ ਦੀ ਧੂੜ ਮਿਲੇ। ਇਹ ਧੂੜ ਪਰਮੇਸਰ ਹੀ ਬਖਸ਼ ਸਕਦੇ ਹਨ। ਮਾਲਿਕ ਦੀ ਕਿਰਪਾ ਹੋਵੇ ਤਦ ਜੀਵ ਦਾ ਸੰਯੋਗ ਬਣਦਾ ਹੈ ਅਤੇ ਗੁਰੂ ਪਿਆਰੇ ਸਾਧੂ ਜਨਾਂ ਦਾ ਮਿਲਾਪ ਹੁੰਦਾ ਹੈ।

# ਸਤਿਸੰਗ

ਬਿਲਾਵਲੁ ਮਹਲਾ੫ ॥ (ਅੰਗ 848)

**ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ! ਉਸ ਹਰੀ ਦੀ ਖੋਜ ਵਿੱਚ ਸਾਰੀ ਦੁਨੀਆਂ ਲੱਗੀ ਹੋਈ ਹੈ।

ਸਾਡੇ ਮਾਤਾ ਜੀ ਬੀਮਾਰ ਰਹਿੰਦੇ ਸਨ। ਉਹਨਾਂ ਨੂੰ ਇੱਕ ਵਾਰ ਦੰਦਲ ਪਈ ਤਾਂ ਸਾਡੇ ਸਹੁਰਾ ਸਾਹਿਬ ਮੈਨੂੰ ਕਹਿਣ ਲੱਗੇ

ਕਿ ਤੂੰ ਕਾਹਦਾ ਪੁੱਤਰ ਏਂ। ਤੇਰੀ ਮਾਤਾ ਬੀਮਾਰ ਹੈ ਅਤੇ ਤੂੰ ਤਰਿਆਂ ਫਿਰਦਾ ਏਂ। ਅਸੀਂ ਕਿਹਾ ਅਸੀਂ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ 'ਤੇ ਜਾ ਚੁਕੇ ਹਾਂ। ਪਰ ਸਾਨੂੰ ਮਾਤਾ ਜੀ ਦੀ ਬੀਮਾਰੀ ਦਾ ਕੋਈ ਹੱਲ ਨਹੀਂ ਲੱਭ ਰਿਹਾ। ਸਾਡੇ ਮਾਤਾ-ਪਿਤਾ ਜੀ ਬਿਆਸ ਜਾਂਦੇ ਹਨ ਤਦ ਵੀ ਠੀਕ ਨਹੀਂ ਸਨ ਹੋਏ। ਤਦ ਸਾਡੇ ਸਹੁਰਾ ਸਾਹਿਬ ਨੇ ਕਿਹਾ ਕਿ ਕੋਈ ਪੂਰਨ ਸਾਧੂ ਮਿਲਣ, ਕੋਈ ਹਰੀ ਦੇ ਪਿਆਰੇ ਮਿਲਣ ਤਦ ਇਹ ਠੀਕ ਹੋਣਗੇ। ਅਸੀਂ ਪੁੱਛਿਆ ਉਹ ਕਿੱਥੇ ਹਨ ? ਉਹ ਕਹਿਣ ਲੱਗੇ ਇਹ ਤੇਰੀ ਡਿਊਟੀ ਹੈ ਤੂੰ ਖੁਦ ਲੱਭ। ਫੇਰ ਅਸੀਂ ਆਪਣੇ ਜੀਵਨ ਵਿੱਚ ਹਰਿਦੁਆਰ, ਕਾਸ਼ੀ, ਮਥੁਰਾ ਸਭ ਜਗ੍ਹਾ ਗਏ। ਹਜ਼ਰਤ ਬਲ ਜਾ ਕੇ ਨਮਾਜਾਂ ਪੜ੍ਹਨੀਆਂ ਸਿੱਖੀਆਂ, ਕਾਨ੍ਹਗੜ ਜਾ ਕੇ ਲਾਰਡ ਕਾਈਸਟ ਦੀ ਪ੍ਰੇਅਰ ਕਰਨੀ ਸਿੱਖੀ। ਬਹੁਤ ਸਥਾਨਾਂ 'ਤੇ ਗਏ ਪਰ ਹਰੀ ਦੇ ਪਿਆਰਿਆਂ ਦਾ ਪਤਾ ਨਹੀਂ ਚੱਲਿਆ। ਫੇਰ ਇੱਕ ਦਿਨ ਅਸੀਂ ਕੇਸੀ ਇਸ਼ਨਾਨ ਕਰਕੇ ਚੰਡੀਗੜ ਦੇ ਬਾਈ ਸੈਕਟਰ ਦੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹੋ ! ਅਗਰ ਮੇਰੇ ਭਾਗਾਂ ਵਿੱਚ ਪੂਰਨ ਸੰਤਾਂ ਦਾ ਮਿਲਾਪ ਨਹੀਂ ਹੈ ਤਦ ਮੇਰੀ ਦੇਹ ਛੁਡਾ ਦਿਉ ਤਾਂ ਕਿ ਦੂਸਰਾ ਜਨਮ ਮਿਲ ਕੇ ਮਾਲਿਕ ਦੀ ਪ੍ਰਾਪਤੀ ਹੋ ਸਕੇ।

ਤੁਹਾਨੂੰ ਕਈ ਵਾਰ ਦੱਸਿਆ ਹੈ ਕਿ ਅਸੀਂ ਤੁਗਲਵਾਲੇ ਤੋਂ ਨੰਗੇ ਪੈਰੀਂ ਦੌੜ ਕੇ ਸ੍ਰੀ ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ ਹੁੰਦੇ ਹੋਏ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਜਾਣਾ। ਸਾਡੇ ਕੇਸ ਬਹੁਤ ਲੰਮੇ ਸਨ। ਉਹਨਾਂ ਨਾਲ ਅਸੀਂ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵੀ ਧੋਣੀਆਂ ਅਤੇ ਬੇਨਤੀ ਕਰਨੀ ਕਿ ਹਜ਼ੂਰ ਕਿਰਪਾ ਕਰੋ। ਇਸ ਨੂੰ ਮਾਲਿਕ ਦੀ ਖੋਜ ਕਿਹਾ ਗਿਆ ਹੈ। ਜਿਸ ਨੂੰ ਬੈਠੇ ਬਿਠਾਏ, ਏਅਰ ਕੰਡੀਸ਼ਨਡ ਕਾਰਾਂ ਵਿੱਚ ਆ ਕੇ ਗੁਰਬਾਣੀ ਦੀ ਕਥਾ, ਕੀਰਤਨ, ਸਤਿਸੰਗ ਸੁਣਨ ਦਾ ਮੌਕਾ ਮਿਲਦਾ ਹੈ ਉਸ ਨੂੰ ਕੀ ਪਤਾ ਹੈ ਕਿ ਸਾਧੂਆਂ ਦੀ ਸੰਗਤ ਦੀ ਪ੍ਰਾਪਤੀ ਲਈ ਕੀ ਯਤਨ ਕਰਨੇ ਪੈਂਦੇ ਹਨ ਜਾਂ ਗੁਰਬਾਣੀ ਦੀ ਖੋਜ ਕੀ ਹੈ।

ਫੇਰ ਜਦੋਂ ਅਸੀਂ ਬੇਨਤੀ ਕੀਤੀ ਤਦ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਤੇ ਬਾਬਾ ਬੱਗਾ ਸਿੰਘ ਜੀ ਅਤੇ ਬਾਬਾ ਦੇਵਾ ਸਿੰਘ ਜੀ ਨੇ ਸਾਨੂੰ ਦਰਸ਼ਨ ਦੇ ਕੇ ਕਿਹਾ ਕਿ ਫਲ੍ਹਾਣੀ ਜਗ੍ਹਾ ਪਹੁੰਚੋ। ਜਦੋਂ ਅਸੀਂ ਧਿਆਨਪੁਰ ਪਹੁੰਚੇ ਅਸੀਂ ਹਜ਼ੂਰ ਕੋਲ ਬੇਨਤੀ ਕੀਤੀ ਕਿ ਹਜ਼ੂਰ ਸਾਨੂੰ ਹਰੀ ਦਾ ਭੇਦ ਬਖਸ਼ਿਸ਼ ਕਰੋ। ਸਾਡੇ ਹਜ਼ੂਰ ਕਹਿਣ ਲੱਗੇ ਤੂੰ ਗਲਤ ਜਗ੍ਹਾਂ ਆ ਗਿਆ ਏਂ। ਅਗਰ ਸਾਨੂੰ ਹਰੀ ਦਾ ਭੇਦ ਪਤਾ ਹੁੰਦਾ ਤਾਂ ਕੀ ਸਾਡੇ ਕੋਲ ਵੱਡੇ-ਵੱਡੇ ਮਕਾਨ ਨਾ ਹੁੰਦੇ ? ਕਿਉਂਕਿ ਧਿਆਨਪੁਰ ਉਸ ਸਮੇਂ ਇੱਕ ਝੁੱਗੀ ਹੁੰਦੀ ਸੀ। ਉੱਥੇ ਡੰਡੇ ਖੜੇ ਕਰਕੇ ਕਾਨਿਆਂ ਦੀਆਂ ਸਿਰਕੀਆਂ ਪਾਈਆਂ ਹੋਈਆਂ ਸਨ। ਫੇਰ ਅਸੀਂ ਦੇਖਿਆ ਕਿ ਉਸ ਝੁੱਗੀ ਦੇ ਵਿੱਚ ਬਾਬਾ ਬੱਗਾ ਸਿੰਘ ਜੀ ਅਤੇ ਬਾਬਾ ਦੇਵਾ ਸਿੰਘ ਜੀ ਦਾ ਸਰੂਪ ਲਟਕ ਰਿਹਾ ਸੀ। ਅਸੀਂ ਹਜ਼ੂਰ ਨੂੰ ਕਿਹਾ ਬਾਬਾ ਜੀ ! ਕੀ ਆਹ ਸਰੂਪ ਝੂਠ ਬੋਲ ਸਕਦੇ ਹਨ ? ਹਜ਼ੂਰ ਕਹਿਣ ਲੱਗੇ ਚੁੱਪ ਕਰ ਜਾ, ਖਬਰਦਾਰ। ਅਸੀਂ ਕਿਹਾ ਹਜ਼ੂਰ ਸਾਨੂੰ ਇਹਨਾਂ ਨੇ ਤੁਹਾਡੇ ਕੋਲ ਭੇਜਿਆ ਹੈ। ਫੇਰ ਅਸੀਂ ਧਿਆਨਪੁਰ ਸੰਗਤ ਵਿੱਚ ਜਾਣ ਲੱਗੇ। ਉਹਨਾਂ ਕੋਲੋਂ ਕਥਾ ਸੁਣੀ, ਸਤਿਸੰਗ ਸੁਣਿਆਂ, ਕੀਰਤਨ ਸੁਣਿਆਂ। ਸਾਡੇ ਹਜ਼ੂਰ ਕੀਰਤਨ ਵੀ ਕਰਿਆ ਕਰਦੇ ਸਨ। ਉਹ ਬਹੁਤ ਵਧੀਆ ਹਰਮੋਨੀਅਮ ਵਾਜਾ ਵਜਾਉਂਦੇ ਸਨ। ਕੀਰਤਨ ਕਰਦੇ ਸਮੇਂ ਉਹਨਾਂ ਦੀ ਅਵਾਜ ਬਹੁਤ ਵਧੀਆ ਹੁੰਦੀ ਸੀ।

ਹਜ਼ੂਰ ਪੰਜਵੇਂ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਸਾਧੂ ਦੀ ਸੰਗਤ ਕਰਕੇ ਹਰੀ ਦੀ ਖੋਜ ਦਾ ਪਤਾ ਲੱਗਣਾ ਹੈ। ਜਦੋਂ ਤੱਕ ਗੁਰਬਾਣੀ ਦੀ ਸੰਗਤ ਨਹੀਂ ਕਰਦੇ ਉਦੋਂ ਤੱਕ ਅੱਲਾਹ, ਮਾਧੋ, ਗਾਡ, ਰਾਮ, ਹਰੀ, ਰਮਈਆ, ਗੁਸਈਆ ਤਾਕਤ ਦਾ ਮਿਲਾਪ ਨਹੀਂ ਹੋ ਸਕਦਾ।

**ਗੁਨ ਗੋਵਿਦ ਸਦ ਗਾਈਅਹਿ**
**ਪਾਰਬ੍ਰਹਮ ਕੈ ਰੰਗੇ ਰਾਮ ॥**

ਸਾਧੂ ਐਸੇ ਹੋਣ ਜੋ ਗੋਵਿੰਦ ਦੇ ਗੁਣ ਗਾਉਂਦੇ ਹੋਣ। ਉਹ ਪਾਰਬ੍ਰਹਮ, ਗੁਰਬਾਣੀ ਦੇ ਨਾਲ ਰੰਗੇ ਹੋਏ ਹੋਣ। ਉਹ ਪਰਿਵਾਰਿਕ ਜਾਂ ਜਾਤੀ ਕਥਾ ਨਾ ਕਰਦੇ ਹੋਣ। ਲੋਕਾਂ ਦੀਆਂ ਸਿਫ਼ਤਾਂ ਨਾ ਕਰਦੇ ਹੋਣ।

*ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥*
*ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥*

*(ਅੰਗ 808)*

ਅਗਰ ਲੋਕ ਤੁਹਾਡੀ ਵਡਿਆਈ ਕਰਦੇ ਹਨ ਤਦ ਉਸ ਨੂੰ ਅੱਗ ਵਿੱਚ ਸਾੜ ਦਿਉ। ਜੇ ਕੋਈ ਗੁਰੂ ਪਿਆਰਾ ਜੀਵ ਮਿਲਦਾ ਹੈ ਤਦ ਉਸ ਨਾਲ ਗੁਰਬਾਣੀ ਦੇ ਬਚਨ ਕਰੀਏ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਸ ਮਾਲਿਕ ਦੇ ਸਦਾ ਹੀ ਗੁਣ ਗਾਈਏ। ਐਸਾ ਨਾ ਹੋਵੇ ਕਿ ਇੱਕ ਐਤਵਾਰ ਆ ਕੇ ਸਤਿਸੰਗ ਸੁਣ ਲਿਆ। ਉਸ ਦੇ ਗੁਣ ਗਾਈਏ ਜੋ ਗੁਰਬਾਣੀ, ਪਾਰਬ੍ਰਹਮ ਨਾਲ ਜੁੜਿਆ ਹੈ।

**ਸੋ ਪ੍ਰਭੁ ਸਦ ਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਸਾਨੂੰ ਕਿਸੇ ਚੀਜ ਦੀ ਕਮੀ ਜਾਂ ਥੁੜ੍ਹ ਹੈ ਤਦ ਅਸੀਂ ਜੋ ਵੀ ਮੰਗਾਂਗੇ ਉਹ ਮਿਲੇਗਾ। ਪਰ ਉਦੋਂ ਮਿਲੇਗਾ ਜਦੋਂ ਅਸੀਂ ਸਦਾ ਸਿਮਰਨ ਕਰਾਂਗੇ। ਐਸਾ ਨਹੀਂ ਕਿ ਕਦੇ ਦੁੱਖ ਵਿੱਚ ਸਿਮਰਨ ਕਰ ਲਿਆ ਜਾਂ ਕੋਈ ਚੀਜ ਮਿਲਣ ਤੇ ਧੰਨਵਾਦ ਕਰ ਦਿੱਤਾ। ਸਗੋਂ ਸਦਾ ਹੀ ਅਗਰ ਉਸ ਮਾਲਿਕ ਦੇ ਗੁਣ ਗਾਵਾਂਗੇ ਫੇਰ ਜੋ ਮੰਗਾਂਗੇ ਹਜ਼ੂਰ ਬਖਸ਼ਿਸ਼ ਕਰਦੇ ਹਨ।

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨ ॥*
*(ਅੰਗ 681)*

ਫੇਰ ਸਚਮੁੱਚ ਹੀ ਲੋਕਾਂ ਦੀਆਂ ਗੱਲਾਂ ਨਹੀਂ ਝੱਲਣੀਆਂ ਪੈਣਗੀਆਂ। ਹਜ਼ੂਰ ਕਿਰਪਾ ਕਰਕੇ ਖੁਸ਼ੀਆਂ ਬਖਸ਼ਦੇ ਹਨ।

**ਨਾਨਕ ਪ੍ਰਭ ਸਰਣਾਗਤੀ**
**ਜਪਿ ਅਨਤ ਤਰੰਗੇ ਰਾਮ ॥੧ ॥**

ਕੋਈ ਢਿੱਲ ਮੱਠ ਜਾਂ ਕੋਈ ਦੁੱਖ ਆਉਂਦਾ ਹੈ ਜਾਂ ਸੁੱਖ ਆਉਂਦਾ ਹੈ ਹਰ ਤਰ੍ਹਾਂ ਦੇ ਮਹੌਲ ਵਿੱਚ ਉਸ ਤਾਕਤ ਦਾ ਜਾਪ ਕਰਨਾ ਚਾਹੀਦਾ ਹੈ। ਐਸਾ ਨਹੀਂ ਕਿ ਦੁੱਖ ਵਿੱਚ ਜਾਂ ਸੁੱਖ ਵਿੱਚ ਭੁੱਲ ਜਾਣਾ ਹੈ ਬਲਕਿ ਹਰ ਸਮੇਂ ਯਾਦ ਰੱਖਣਾ ਹੈ।

**ਇਕੁ ਤਿਲੁ ਪ੍ਰਭੂ ਨ ਵੀਸਰੈ**
**ਜਿਨਿ ਸਭੁ ਕਿਛੁ ਦੀਨਾ ਰਾਮ ॥**

ਤੁਸੀਂ ਦੇਖਦੇ ਹੋਵੋਗੇ ਕਿਸੇ ਦੀ ਜੁਬਾਨ ਨਹੀਂ ਹੈ, ਕੋਈ ਗੁੰਗਾ ਜਾਂ ਬੋਲਾ ਹੈ ਜਾਂ ਤੁਰ ਫਿਰ ਨਹੀਂ ਸਕਦਾ ਜਾਂ ਕਿਸੇ ਦਾ ਸਰੀਰ ਸੋਹਣਾ ਨਹੀਂ ਹੈ ਜਾਂ ਕੋਈ ਸਰੀਰਕ ਤੌਰ ਤੇ ਠੀਕ ਨਹੀਂ ਹੈ। ਉਹ ਵੀ ਮਾਲਿਕ ਦੀ ਦੁਨੀਆਂ ਵਿੱਚ ਆਏ ਹਨ। ਇੱਕ ਨੂੰ ਹਜ਼ੂਰ ਨੇ ਸੋਹਣਾ ਸਰੀਰ, ਪਰਿਵਾਰ, ਪੁੱਤਰ, ਪੋਤਰੇ, ਦੋਹਤਰੇ, ਸਭ ਬਖਸ਼ੇ ਹਨ ਉਸ ਜੀਵ ਨੂੰ ਮਾਲਿਕ ਦੀ ਯਾਦ ਇੱਕ ਮਿੰਟ ਵੀ ਵਿਸਰਨੀ ਨਹੀਂ ਚਾਹੀਦੀ। ਸਾਡੇ ਸਮਾਜ ਵਿੱਚ ਅਸੀਂ (thank less) ਨਾ ਸ਼ੁਕਰੇ ਹੋ ਗਏ ਹਾਂ। ਕਿਉਂਕਿ ਵਿਦੇਸ਼ ਵਿੱਚ ਅਗਰ ਕਿਸੇ ਨੂੰ ਥੋੜ੍ਹਾ ਜਿਹਾ ਵੀ ਰਸਤਾ ਦੇ ਦਿਉ ਤਦ ਉਹ ਪੰਦਰਾਂ ਵੀਹ ਗਜ ਤੱਕ ਥੈਂਕ ਯੂ, ਥੈਂਕ ਯੂ, ਕਰਦੇ ਜਾਂਦੇ ਹਨ। ਸਾਡੇ ਦੇਸ਼ ਵਿਚ ਅਸੀਂ ਕਹਿੰਦੇ ਹਾਂ ਕਿ ਬੁੜ੍ਹਿਆ ਤੈਨੂੰ ਘਰ ਥਾਂ ਨਹੀਂ ਲੱਭਦਾ, ਤੂੰ ਸਾਡੇ ਅੱਗੇ ਆ ਰਿਹਾ ਏਂ, ਤੂੰ ਮੇਰੀ ਗੱਡੀ ਥੱਲੇ ਹੀ ਆਉਣਾ ਹੈ। ਐਸਾ ਨਹੀਂ ਕਰਨਾ ਚਾਹੀਦਾ। ਅਸੀਂ ਉਸ ਮਾਲਿਕ ਦਾ ਧੰਨਵਾਦ ਨਹੀਂ ਕਰਦੇ ਜਿਸ ਨੇ ਸਾਨੂੰ ਐਨਾ ਕੁਝ ਬਖਸ਼ਿਆ ਹੈ।

**ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ ॥**

ਸਾਧੂਆਂ ਦੇ ਮੁਖਾਰਬਿੰਦ ' ਚੋਂ ਨਿਕਲੇ ਬਚਨ ਮਿਲਾਵੇ ਹੁੰਦੇ ਹਨ, ਵਿਚੋਲੇ ਹੁੰਦੇ ਹਨ। ਉਹ Mentor ਹੁੰਦੇ ਹਨ। ਉਹਨਾਂ ਨੂੰ ਪੀਰ, ਮੁਰਸ਼ਦ ਜਾਂ ਸਤਿਗੁਰ ਕਹਿ ਲਵੋ। ਜੋ ਜੀਵ ਸਾਧੂਆਂ ਦੀ ਸੰਗਤ ਕਰਕੇ, ਬਚਨ ਮੰਨ ਕੇ ਆਪਣੇ ਆਪ ਨੂੰ ਸਮਰਪਿਤ ਕਰਦੇ ਹਨ ਮਾਲਿਕ ਉਹਨਾਂ ਦੇ ਵਿਚੋਲੇ ਬਣ ਕੇ ਉਹਨਾਂ ਦਾ ਮਿਲਾਪ ਧੁਰ ਕੀ ਬਾਣੀ ਨਾਲ ਕਰਵਾ ਦਿੰਦੇ ਹਨ।

**ਬਾਹ ਪਕੜਿ ਤਮ ਤੇ ਕਾਢਿਆ**
**ਕਰਿ ਅਪੁਨਾ ਲੀਨਾ ਰਾਮ ॥**

ਇੱਕ ਇਹ ਸ਼ਬਦ ਹੈ ਕਿ

*ਬਾਹਿ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥ (ਅੰਗ 1208)*

ਬਾਹੋਂ ਫੜ ਕੇ ਅੰਨੇ ਖੂਹ ਵਿੱਚੋਂ ਬਾਹਰ ਕੱਡਣਾ। ਇੱਥੇ ਫ਼ੁਰਮਾਇਆ ਹੈ ਕਿ ਤਨ ਤੇ ਕਾਢਿਆ ਅਸੀਂ ਸਾਰੇ ਬੈਠੇ ਹਾਂ। ਦੋ ਕਿਸਮ ਦਾ ਸਰੀਰ ਹੈ। ਇਕ ਚੇਤਨ ਅਵਸਥਾ ਸਰੀਰ ਹੈ। ਇੱਕ ਕਰਮ ਭੂਮੀ ਸਰੀਰ ਹੈ। ਅਸੀਂ ਨੌਕਰੀਆਂ, ਕਾਰੋਬਾਰ, ਗ੍ਰਿਹਸਤੀ ਜੀਵਨ ਭੋਗਦੇ ਹਾਂ ਇਹ ਦੁਨੀਆਵੀ ਨਾਤੇ ਹਨ। ਇੱਕ ਤੁਹਾਡੀ ਆਤਮਾ ਸੁੱਤੇ ਪਏ ਕਈ ਜਗ੍ਹਾ ਘੁੰਮਦੀ ਹੈ ਉਹ ਚੇਤਨ ਅਵਸਥਾ ਹੈ।

*ਨਾਨਕੁ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*(ਅੰਗ 463)*

ਤਥਾ

*ਚੇਤਨਾ ਹੈ ਤਉ ਚੇਤ ਲੈ ਨਿਸਦਿਨ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥੧ ॥ (ਅੰਗ 726)*

ਜਿਸ ਤਰ੍ਹਾਂ ਕਿਸੇ ਮਟਕੇ ਵਿੱਚੋਂ ਪਾਣੀ ਦੀ ਬੂੰਦ ਬੂੰਦ ਰਿਸ ਕੇ ਮਟਕਾ ਖਾਲੀ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਡੇ ਸੁਆਸਾਂ ਦੀ ਪੂੰਜੀ ਮੁਕਦੀ ਜਾ ਰਹੀ ਹੈ। ਇਸ ਕਰਕੇ ਅਸੀਂ ਮਾਲਿਕ ਨੂੰ ਐਨੀ ਸ਼ਰਧਾ ਅਤੇ ਭਾਵ ਨਾਲ ਯਾਦ ਕਰੀਏ ਕਿ ਹਜ਼ੂਰ ਹਮੇਸ਼ਾ ਸਾਡੇ ਹੀ ਹੋਣ। ਫੇਰ ਜਦੋਂ ਜੀਵ ਸਿਮਰਨ 'ਤੇ ਬੈਠਦਾ ਹੈ ਤਦ ਹਜ਼ੂਰ ਸਿਮਰਨ ਤੇ ਬੈਠਿਆਂ ਉਸ ਦਾ ਇੱਦਾਂ ਦਾ ਸਰੀਰ ਵਿੱਚੋਂ ਉਡਾ ਦਿੰਦੇ ਹਨ ਅਤੇ ਉਸ ਨੂੰ ਅਪਨਾਅ ਲੈਂਦੇ ਹਨ। ਫੇਰ ਉਹ ਜੀਵ ਸਿਮਰਨ 'ਤੇ ਬੈਠਾ ਹੁੰਦਾ ਹੈ ਅਤੇ ਅੰਦਰ ਧਾਰਮਿਕ ਸਥਾਨਾਂ ਦੇ ਦਰਸ਼ਨ, ਪਾਰਬ੍ਰਹਮ ਦੇ ਦਰਸ਼ਨ ਕਰ ਰਿਹਾ ਹੁੰਦਾ ਹੈ।

**ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ।।੩।।**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮੈ ਜਦ ਤੱਕ ਜੀਵਾਂ ਨਾਮ ਜਪਦਾ ਹੀ ਜੀਵਾਂ।

*ਆਖਾ ਜੀਵਾ ਵਿਸਰੈ ਮਰਿ ਜਾਉ ॥*
*ਆਖਣਿ ਅਉਖਾ ਸਾਚਾ ਨਾਉ ॥*
*ਸਾਚੇ ਨਾਮ ਕੀ ਲਾਗੈ ਭੂਖ ॥*
*ਉਤੁ ਭੂਖੈ ਖਾਇ ਚਲੀਅਹਿ ਦੂਖ ॥੧ ॥ (ਅੰਗ 9)*

ਹਜ਼ੂਰ ਨੇ ਮਨ ਅਤੇ ਸੀਨਾ ਦੋ ਸ਼ਬਦਾਂ ਦਾ ਫ਼ੁਰਮਾਨ ਕੀਤਾ ਹੈ

*ਜੀਅੜਾ ਅਗਨਿ ਬਰਾਬਰਿ ਤਪੈ*
*ਭੀਤਰਿ ਵਗੈ ਕਾਤੀ ॥*
*ਪ੍ਰਣਵਤਿ ਨਾਨਕੁ ਹੁਕਮੁ ਪਛਾਣੈ*
*ਸੁਖੁ ਹੋਵੈ ਦਿਨੁ ਰਾਤੀ ॥੬ ॥ (ਅੰਗ 156)*

ਕਈ ਜੀਵਾਂ ਕੋਲ ਧਨ ਦੌਲਤ ਸਭ ਕੁਝ ਹੁੰਦਾ ਹੈ ਪਰ ਅੰਦਰੋਂ ਬਹੁਤ ਜਲਨ, ਦੁੱਖ, ਤਕਲੀਫ਼ ਵਿਚ ਰਹਿੰਦੇ ਹਨ। ਉਸ ਬਾਰੇ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਤੁਸੀਂ ਸਿਮਰਨ ਕਰੋਗੇ ਤਦ ਤੁਹਾਡਾ ਮਨ ਵੀ ਸ਼ਾਂਤ ਰਹੇਗਾ ਅਤੇ ਕਲੇਜੇ ਨੂੰ ਵੀ ਠੰਡ ਪਵੇਗੀ। ਜਿਸ ਤਰ੍ਹਾਂ ਜਦੋਂ ਕੋਈ ਗੁਰੂ ਪਿਆਰਾ ਮਿਲਦਾ ਹੈ ਤਦ ਕਹਿੰਦੇ ਹਨ ਤੁਹਾਨੂੰ ਮਿਲ ਕੇ ਠੰਡ ਪੈ ਗਈ ਹੈ। ਬੀਬੀਆਂ ਅੱਜ ਕੱਲ ਡਰਦੀਆਂ ਰਹਿੰਦਿਆਂ ਹਨ ਕਿ ਕਿਤੇ ਗਲੇ ਮਿਲ ਕੇ ਮੇਰੇ ਕਪੜੇ ਨਾ ਖਰਾਬ ਹੋ ਜਾਣ। ਪਰ ਪਹਿਲੇ ਸਮਿਆਂ ਵਿੱਚ ਰਿਵਾਜ਼ ਸੀ ਕਿ ਬੀਬੀਆਂ ਗਲੇ ਮਿਲਦੀਆਂ ਹੁੰਦੀਆਂ ਸਨ। ਕਦੇ ਸੱਜੇ ਪਾਸੇ ਕਦੇ ਖੱਬੇ ਪਾਸੇ ਮਿਲਣਾ। ਇਸ ਤਰ੍ਹਾਂ ਤਿੰਨ ਚਾਰ ਵਾਰੀ ਮਿਲਦੀਆਂ ਸਨ। ਅਤੇ ਕਹਿੰਦੀਆਂ ਸਨ ਕਿ ਠੰਡ ਪੈ ਗਈ ਹੈ। ਹਜ਼ੂਰ ਕਬੀਰ ਸਾਹਿਬ ਜੀ ਨੇ ਗੁਰਬਾਣੀ ਵਿੱਚ ਫ਼ੁਰਮਾਨ ਕੀਤਾ ਹੈ ਕਿ

*ਕਰਵਤੁ ਭਲਾ ਨ ਕਰਵਟ ਤੇਰੀ॥*
*ਲਾਗੁ ਗਲੇ ਸੁਨੁ ਬਿਨਤੀ ਮੇਰੀ॥੧॥ (ਅੰਗ 484)*

ਹਜ਼ੂਰ ਮੈਨੂੰ ਆਰੇ ਨਾਲ ਚੀਰ ਦਿਉ ਪਰ ਮੇਰੇ ਵੱਲ ਪਿੱਠ ਨਾ ਕਰਿਉ। ਮੈਨੂੰ ਆਪਣੇ ਗਲੇ ਲਗਾਉ॥

*ਹਉ ਤੁਮਰੀ ਕਰਉ ਨਿਤ ਆਸ*
*ਪ੍ਰਭ ਮੋਹਿ ਕਬ ਗਲਿ ਲਾਵਹਿਗੇ॥੧॥ (ਅੰਗ 1321)*

ਜਦੋਂ ਮਾਲਿਕ ਪਰੀਚੇ ਵਿੱਚ ਆ ਕੇ ਦਰਸ਼ਨ ਦੇ ਕੇ ਗਲ ਨਾਲ ਲਾਉਂਦੇ ਹਨ ਫੇਰ ਜੀਵ ਸ਼ਾਂਤ ਹੋ ਜਾਂਦਾ ਹੈ ਅਤੇ ਉਸ ਨੂੰ ਠੰਡ ਪੈ ਜਾਂਦੀ ਹੈ। ਜਿਸ ਤਰ੍ਹਾਂ ਮਾਂ ਪੁੱਤ ਮਿਲਦੇ ਹਨ। ਇਸ ਤਰ੍ਹਾਂ ਸਾਧੂ ਵੀ ਮਾਤਾ-ਪਿਤਾ ਹੁੰਦੇ ਹਨ ਅਤੇ ਜਦੋਂ ਉਹਨਾਂ ਦਾ ਐਸਾ ਮਿਲਾਪ ਹੁੰਦਾ ਹੈ ਤਦ ਜੀਵ ਦੀ ਕਲਪਨਾ ਕਲੇਸ਼ ਬਿਲਕੁੱਲ ਖਤਮ ਹੋ ਕੇ ਸ਼ਾਂਤੀ ਮਿਲਦੀ ਹੈ।

**ਕਿਆ ਗੁਣ ਤੇਰੇ ਕਹਿ ਸਕਉ ਪ੍ਰਭ ਅੰਤਰਜਾਮੀ ਰਾਮ॥**

ਸੱਚੇ ਪਾਤਿਸ਼ਾਹੋ! ਤੁਹਾਡੇ ਬਹੁਤ ਗੁਣ ਹਨ।

*ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ*
*ਤੂੰ ਸਾਹਿਬ ਗੁਣੀ ਨਿਧਾਨਾ॥ (ਅੰਗ 735)*

ਹਜ਼ੂਰ ਤੁਹਾਡੇ ਗੁਣ ਬਹੁਤ ਹਨ, ਮੇਰੀ ਜੁਬਾਨ ਛੋਟੀ ਹੈ ਤੁਹਾਡੇ ਗੁਣ ਕਹਿਣ ਵਿੱਚ ਨਹੀਂ ਆ ਰਹੇ ਹਨ।

**ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ॥**

ਜਦੋਂ ਤੁਸੀਂ ਨਰਾਇਣ ਦਾ ਸਿਮਰਨ ਕਰੋਗੇ ਤੁਹਾਡੀ ਆਤਮਾ ਪਾਰਗਰਾਮੀ ਹੋ ਜਾਵੇਗੀ। ਜਿਸ ਤਰ੍ਹਾਂ ਕਹਿੰਦੇ ਹਨ ਉਹ ਸੱਚਖੰਡ ਵਾਸੀ ਹਨ, ਬ੍ਰਹਮ ਗਿਆਨੀ ਹਨ, ਪੂਰਨ ਬ੍ਰਹਮ ਗਿਆਨੀ ਹਨ, ਉਹ ਪਾਰ ਬ੍ਰਹਮ ਵਾਸੀ ਹਨ। ਜਿਉਂ ਜਿਉਂ ਅਸੀਂ ਸਿਮਰਨ ਕਰਾਂਗੇ ਸਾਡੀ ਆਤਮਾ ਉੱਥੋਂ ਦੀ ਵਾਸੀ ਬਣ ਜਾਵੇਗੀ।

**ਗੁਨ ਗਾਵਤ ਗੋਵਿੰਦੁ ਕੇ ਸਭ ਇਛ ਪੁਜਾਮੀ ਰਾਮ॥**

ਅਗਰ ਤੁਹਾਨੂੰ ਕਿਸੇ ਚੀਜ ਦੀ ਵੀ ਥੁੜ੍ਹ ਹੈ, ਇੱਛਾ ਹੈ, ਲੋੜ ਹੈ, ਤੁਸੀਂ ਜਿਉਂ ਜਿਉਂ ਗੁਣ ਗਾਉਗੇ ਤੁਹਾਡੀਆਂ ਉਹ ਇਛਾਵਾਂ ਪੂਰੀਆਂ ਹੋਣਗੀਆਂ।

**ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ॥੩॥**

ਐਸਾ ਨਹੀਂ ਕਿ ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਈਸਾਇਆਂ, ਜਾਂ ਦੂਸਰੀਆਂ ਬਰਾਦਰੀਆਂ ਦੇ ਅਲੱਗ ਅਲੱਗ ਭਗਵਾਨ ਹਨ। ਉਹ ਸਾਰਿਆਂ ਦਾ ਇੱਕੋ ਹੀ ਹੈ।

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥੧॥ (ਅੰਗ 1349)*

ਤਥਾ

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*
*(ਅੰਗ 611)*

god is one we are thy children.

ਸਾਰਿਆਂ ਦੇ ਸਤਿਗੁਰ ਇੱਕ ਹਨ ਅਤੇ ਸਾਰਿਆਂ ਉੱਪਰ ਇੱਕੋ ਜਿੰਨੀ ਕਿਰਪਾ ਕਰਦੇ ਹਨ।

**ਰਸ ਭਿੰਨਿਅੜੇ ਅਪੁਨੇ ਰਾਮ ਸੰਗੇ**
**ਸੇ ਲੋਇਣ ਨੀਕੇ ਰਾਮ॥**

ਜਿਸ ਤਰ੍ਹਾਂ ਜਾਪ ਕਰਨ ਵਾਲੇ ਜੀਵਾਂ ਦੀ ਰਸਨਾ ਉੱਪਰ ਹਜ਼ੂਰ ਮਿਠਾਸ ਬਖਸ਼ ਦਿੰਦੇ ਹਨ, ਫੇਰ ਉਹ ਜੋ ਬੋਲਦੇ ਹਨ ਉਹ ਦਰਗਾਹ ਵਿੱਚ ਕਬੂਲ ਹੁੰਦਾ ਹੈ। ਇਸੇ ਤਰ੍ਹਾਂ ਜੋ ਜੀਵ ਉਸ ਮਾਲਿਕ ਦੇ ਦਰਸ਼ਨ ਕਰਦੇ ਹਨ ਉਹ ਵੀ ਰਸ ਭਿੰਨੇ ਅਤੇ ਪਿਆਰੇ ਹੋ ਜਾਂਦੇ ਹਨ।

**ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ॥**

ਜਦੋਂ ਜੀਵ ਸਾਧੂਆਂ ਦੀ ਸੰਗਤ ਵਿੱਚ ਆ ਕੇ ਮਿਲਾਪ ਕਰਦੇ, ਦਰਸ਼ਨ ਕਰਦੇ ਹਨ। ਫੇਰ ਹਜ਼ੂਰ ਸਾਰੀਆਂ ਇੱਛਾ ਪੂਰੀਆਂ ਕਰਦੇ ਹਨ।

**ਅੰਮ੍ਰਿਤ ਰਸ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ॥**

ਜਿਸ ਜੀਵ ਨੂੰ ਗੁਰਬਾਣੀ ਦੇ ਰਸ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਦੁਨਿਆਵੀ ਰਸ ਫਿੱਕੇ ਲੱਗਦੇ ਹਨ।

**ਨਾਨਕ ਜਲੁ ਜਲਹਿ ਸਮਾਇਆ**
**ਜੋਤੀ ਜੋਤਿ ਮੀਕੇ ਰਾਮ॥੪॥**

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥ (ਅੰਗ 278)*

ਜਿਸ ਤਰ੍ਹਾਂ ਪਾਣੀ ਦਾ ਗਿਲਾਸ ਸਮੁੰਦਰ ਵਿੱਚ ਡਿੱਗ ਕੇ

ਸਮੁੰਦਰ ਦਾ ਰੂਪ ਹੀ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਆਤਮਾ

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ*
*ਸਿਉ ਜਿਉ ਪਾਨੀ ਸੰਗਿ ਪਾਨੀ॥ (ਅੰਗ 633-34)*

ਮਾਲਿਕ ਦੀ ਜੋਤ ਵਿੱਚ ਮਿਲ ਕੇ ਮਾਲਿਕ ਦਾ ਰੂਪ ਬਣ ਜਾਂਦੀ ਹੈ।

# ਸਤਿਸੰਗ

**ਸਲੋਕ ਮ:੩ (ਅੰਗ 590)**

**ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ, ਫ਼ੁਰਮਾਨ ਕਰ ਰਹੇ ਹਨ ਕਿ ਨਾਮ ਤੋਂ ਉੱਚੀ ਸੁੱਚੀ ਕੋਈ ਤਾਕਤ ਨਹੀਂ ਹੈ। ਜਦੋਂ ਤੱਕ ਜੀਵ ਗੁਰਮੁਖ ਨਹੀਂ ਬਣਦਾ ਉਦੋਂ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਦੁਨੀਆਂ ਵਿੱਚ ਦੋ ਕਿਸਮ ਦੇ ਲੋਕ ਹਨ। ਜੋ ਜੀਵ ਗੁਰਬਾਣੀ ਅਨੁਸਾਰ ਚੱਲਦੇ ਹਨ ਉਹ ਗੁਰਮੁਖ ਹਨ। ਜੋ ਮਨ ਦੇ ਕਹੇ ਅਨੁਸਾਰ ਚੱਲਦੇ ਹਨ ਉਹ ਮਨਮੁਖ ਹਨ। ਸਭ ਤੋਂ ਪਹਿਲਾਂ ਨਾਮ ਦੀ ਪ੍ਰਾਪਤੀ ਲਈ ਸਾਨੂੰ ਰਹਿਤ ਗੁਰਬਾਣੀ ਅਨੁਸਾਰ ਰੱਖਣੀ ਚਾਹੀਦੀ ਹੈ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਵੀ ਫ਼ੁਰਮਾਨ ਕੀਤਾ ਹੈ ਕਿ

*ਰਹਿਣੀ ਰਹੇ ਸੋ ਸਿਖ ਮੇਰਾ।*
*ਵੋਹ ਸਾਹਿਬ ਮੈ ਉਸਕਾ ਚੇਰਾ॥*

ਤਥਾ

*ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹੀ।*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰਸਿਖ (ਗੁਰਮੁਖ) ਦੀ ਪਰਿਭਾਸ਼ਾ ਦਾ ਵਰਨਣ ਵੀ ਕੀਤਾ ਹੋਇਆ ਹੈ ਕਿ

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥*
*(ਅੰਗ 305-306)*

ਇਸ ਨੂੰ ਗੁਰਸਿੱਖ ਦੀ ਪ੍ਰੀਭਾਸ਼ਾ Definition ਕਿਹਾ ਗਿਆ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਪਹਿਲਾਂ ਗੁਰਮੁਖ ਬਣਨਾ ਪੈਣਾ ਹੈ ਫੇਰ ਉਸ ਨੂੰ ਨਾਮ ਦੀ ਪ੍ਰਾਪਤੀ ਹੋਵੇਗੀ।

**ਮਨਮੁਖ ਘਰਿ ਹੋਦੀ ਵਥੁ ਨਾ ਜਾਣਨੀ**
**ਅੰਧੇ ਭਉਕਿ ਮੁਏ ਬਿਲਲਾਇ॥੧॥**

ਮਨਮੁਖ ਮਾਲਿਕ ਨੂੰ ਬਾਹਰ ਲੱਭਦੇ ਰਹਿੰਦੇ ਹਨ ਪਰੰਤੂ ਮਾਲਿਕ ਤਾਂ ਅੰਦਰ ਬਿਰਾਜਦੇ ਹਨ।

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥ (ਅੰਗ 1002)*

ਤਦੇ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਹੈ ਕਿ

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ॥੧॥ ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ॥*

ਹਿਰਨ ਦੀ ਧੁੰਨੀ ਦੇ ਵਿੱਚ ਕਸਤੂਰੀ ਹੁੰਦੀ ਹੈ ਪਰ ਉਹ ਕਸਤੂਰੀ ਨੂੰ ਬਾਹਰੋਂ ਲੱਭਦਾ-ਲੱਭਦਾ ਫਾਹੀ ਵਿੱਚ ਫਸ ਕੇ ਆਪਣੀ ਜਾਨ ਗੁਆ ਬੈਠਦਾ ਹੈ। ਅਗਰ ਹਿਰਨ ਨੂੰ ਪਤਾ ਹੋਵੇ ਕਿ ਜਿਸ ਕਸਤੂਰੀ ਦੀ ਖ਼ੁਸ਼ਬੋ ਨੂੰ ਉਹ ਲੱਭ ਰਿਹਾ ਹੈ ਉਹ ਉਸ ਦੇ ਅੰਦਰ ਹੈ ਤਦ ਉਹ ਕਦੇ ਵੀ ਨਾ ਭਟਕੇ।

*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ॥੧॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ॥*
*ਜਨ ਨਾਨਕ ਬਿਨੁ ਆਪਾ ਚੀਨੈ*

*ਮਿਟੈ ਨ ਭ੍ਰਮ ਕੀ ਕਾਈ ॥੨॥ (ਅੰਗ 684)*

ਜਦੋਂ ਤੱਕ ਅਸੀਂ ਆਪਣੇ ਆਪ ਨੂੰ ਖੋਜਦੇ ਨਹੀਂ ਹਾਂ ਉਦੋਂ ਤੱਕ ਪਤਾ ਨਹੀਂ ਲੱਗਦਾ। ਜਿਹੜੇ ਮਨਮੁਖ ਜੀਵ ਹਨ ਉਹ ਭਟਕਦੇ ਰਹਿੰਦੇ ਹਨ। ਉਹਨਾਂ ਨੂੰ ਪਤਾ ਹੀ ਨਹੀਂ ਹੈ ਕਿ

*ਇਸ ਕਾਇਆ ਅੰਦਰ*
*ਨਉ ਖੰਡ ਪ੍ਰਿਥਮੀ ਹਾਟ ਪਟਣ ਪਸਾਰਾ।*

ਇਸ ਦੇਹ ਵਿੱਚ ਹੀ ਸਭ ਕੁਝ ਹੈ। ਪਰ ਉਹ ਬਾਹਰ ਢੂੰਢਦੇ-ਢੂੰਢਦੇ ਹੀ ਜੀਵਨ ਔਂਤਰ ਗੁਆ ਬੈਠਦੇ ਹਨ।

**ਮ:੩ ॥**

**ਕੰਚਨ ਕਾਇਆ ਨਿਰਮਲੀ**
**ਜੋ ਸਚਿ ਨਾਮਿ ਸਚਿ ਲਾਗੀ ॥**

ਜਿਹੜੀ ਕਾਇਆ ਸੱਚ ਨਾਲ ਜੁੜ ਜਾਂਦੀ ਹੈ ਉਹ ਸੋਨਾ ਬਣ ਜਾਂਦੀ ਹੈ। ਜੀਵ ਚਾਹੇ ਕਿਸੇ ਤਰ੍ਹਾਂ ਦਾ ਵੀ ਹੋਵੇ ਜਦੋਂ ਉਸਦਾ ਮਨ ਸੱਚ ਨਾਲ ਜੁੜ ਜਾਂਦਾ ਹੈ ਤਦ ਉਹ ਨਾਮ ਦਾ ਹੀ ਰੂਪ ਬਣ ਜਾਂਦਾ ਹੈ। ਉਹ ਪਾਕ ਅਤੇ ਪਵਿੱਤਰ ਹੋ ਜਾਂਦਾ ਹੈ।

**ਨਿਰਮਲ ਜੋਤਿ ਨਿਰੰਜਨੁ ਪਾਇਆ**
**ਗੁਰਮੁਖਿ ਭ੍ਰਮੁ ਭਉ ਭਾਗੀ ॥**

ਉਸ ਉੱਪਰ ਸਭ ਤੋਂ ਪਹਿਲੀ ਬਖਸ਼ਿਸ਼ ਇਹ ਹੋਵੇਗੀ ਕਿ ਉਸ ਨੂੰ ਨਿਰਮਲ ਜੋਤ ਦੇ ਦਰਸ਼ਨ ਹੋਣਗੇ ਜਿਸ ਬਾਰੇ ਉਪਦੇਸ਼ ਦੇਣ ਸਮੇਂ ਵੀ ਦੱਸਿਆ ਜਾਂਦਾ ਹੈ ਕਿ ਅੰਦਰ ਇੱਕ ਜੋਤ ਜਗਦੀ ਦਿਖਾਈ ਦੇਵੇਗੀ। ਜਿਸ ਜੀਵ ਨੂੰ ਜੋਤ ਦੇ ਦਰਸ਼ਨ ਹੁੰਦੇ ਹਨ ਉਸ ਵਿੱਚੋਂ ਬਹੁਤੇ ਭੈਅ ਨਿਕਲ ਜਾਂਦੇ ਹਨ ਕਿਉਂਕਿ ਉਸ ਦੇ ਅੰਦਰ ਮਾਲਿਕ ਦਾ ਵਾਸਾ ਹੋ ਜਾਂਦਾ ਹੈ। ਮਾਲਿਕ ਉੱਥੇ ਬਖਸ਼ਿਸ ਕਰ ਦਿੰਦੇ ਹਨ ਅਤੇ ਦੁਨਿਆਵੀ ਭੈਅ ਖਤਮ ਹੋ ਜਾਂਦੇ ਹਨ।

**ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ**
**ਅਨਦਿਨੁ ਹਰਿ ਬੈਰਾਗੀ ॥੨॥**

ਗੁਰਮੁਖ ਸਦਾ ਸੁਖ ਪ੍ਰਾਪਤ ਕਰਦੇ ਹਨ। ਸਾਨੂੰ ਬਹੁਤ ਸਾਰੇ ਲੋਕਾਂ ਨੇ ਪੁੱਛਿਆ ਕਿ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਤੱਤੀਆਂ ਲੋਹਾਂ ਉੱਪਰ ਬਿਠਾ ਕੇ ਸਿਰ ਵਿੱਚ ਤੱਤੀ ਰੇਤ ਪਾਈ ਗਈ। ਦੇਗਾਂ ਵਿੱਚ ਉਬਾਲਿਆ ਗਿਆ। ਉਹਨਾਂ ਨਾਲ ਐਸਾ ਕਿਉਂ ਵਾਪਰਿਆ ? ਅਸੀਂ ਬੇਨਤੀ ਕਰਦੇ ਹਾਂ ਕਿ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੂੰ ਜਹਾਂਗੀਰ ਬਾਦਸ਼ਾਹ ਵਲੋਂ ਕਿਹਾ ਗਿਆ ਸੀ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਰਾਨ ਸਰੀਫ਼ ਦੀਆਂ ਆਇਤਾਂ ਦਰਜ ਕਰੋ। ਪਰ ਉਹ ਨਹੀਂ ਸਨ ਮੰਨੇ। ਇਸ ਕਰਕੇ ਉਹਨਾਂ ਨਾਲ ਐਸਾ ਭਾਣਾ ਵਾਪਰਿਆ। ਉਹਨਾਂ ਨੇ ਸੱਚ ਉੱਪਰ ਪਹਿਰਾ ਦਿੰਦਿਆ ਹੋਇਆ ਆਪਣੇ ਉੱਪਰ ਦੁੱਖ ਸਹਾਰ ਲਏ, ਤਸੀਹੇ ਝੱਲ ਲਏ, ਪ੍ਰੰਤੂ ਉਹਨਾਂ ਨੂੰ ਵੈਸੇ ਦੁੱਖ ਕੋਈ ਨਹੀਂ ਸੀ। ਸੰਤਾਂ ਬਾਰੇ ਅਜਿਹੇ ਸਵਾਲ ਨਹੀਂ ਪੁੱਛਣੇ ਚਾਹੀਦੇ ਕਿਉਂਕਿ ਸੰਤ ਦੁਨੀਆਂ ਵਿੱਚ ਪਰਉਪਕਾਰ ਕਰਨ ਵਾਸਤੇ ਆਉਂਦੇ ਹਨ। ਜਦੋਂ ਸਾਰੀ ਦੁਨੀਆਂ ਵਿੱਚ ਭਾਂਬੜ ਮੱਚ ਰਿਹਾ ਹੁੰਦਾ ਹੈ ਉਸ ਵੇਲੇ ਸੰਤ ਦੁਨਿਆਵੀ ਜੀਵਾਂ ਨੂੰ ਠੰਢ ਪਹੁੰਚਾਉਣ ਲਈ ਸੰਸਾਰ ਉੱਪਰ ਅਵਤਾਰ ਧਾਰਨ ਕਰਦੇ ਹਨ।

*ਅਗ ਲਗੀ ਸੰਸਾਰ ਕਉ ਝੜ ਝੜ ਪੈਣ ਅੰਗਿਆਰ।*
*ਸੰਤ ਨ ਹੋਤੇ ਜਗਤ ਮੇ ਤੋ ਜਲ ਮਰਤਾ ਸੰਸਾਰ।*

ਹਜ਼ੂਰ ਨੌਵੇਂ ਪਾਤਿਸ਼ਾਹ ਜੀ ਦਾ ਵੀ ਸੀਸ ਉਤਾਰਿਆ ਗਿਆ ਸੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋ ਵੀ ਪ੍ਰਾਣੀ ਗੁਰਬਾਣੀ ਦੀ ਰਹਿਤ ਵਿੱਚ ਆ ਕੇ ਲੋਕਾਂ ਲਈ ਉਪਕਾਰ ਕਰਦੇ ਹਨ ਉਹਨਾਂ ਗੁਰਮੁਖਾਂ ਨੂੰ ਦੁਨਿਆਵੀ ਦੁੱਖ ਨਹੀਂ ਲੱਗਦੇ। ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਅਗਰ ਬਲੀਦਾਨ ਦਿੱਤਾ ਸੀ ਤਾਂ ਹਿੰਦ ਦੀ ਚਾਦਰ ਅਖਵਾਏ। ਸੋਈ ਗੁਰਮੁਖਾਂ ਨੂੰ ਕੋਈ ਦੁਨੀਆਵੀ ਦੁੱਖ ਨਹੀਂ ਪਹੁੰਚਦਾ ਉਹ ਸਦਾ ਹੀ ਮਾਲਿਕ ਵਿੱਚ ਲੀਨ ਹੁੰਦੇ ਹਨ। ਉਹਨਾਂ ਦੀ ਆਤਮਾ ਪਾਕ ਅਤੇ ਪਵਿੱਤਰ ਹੋ ਜਾਂਦੀ ਹੈ।

*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥ (ਅੰਗ 633-34)*

# ਸਤਿਸੰਗ

**ਜੈਤਸਰੀ ਮਹਲਾ ੫**
**ਵਾਰ ਸਲੋਕਾ ਨਾਲਿ (ਅੰਗ 710)**

**॥ ਸਲੋਕ ॥**

**ਦ੍ਰਿਸਟੰਤ ਏਕੋ ਸੁਨੀਅੰਤ ਏਕੋ**
**ਵਰਤੰਤ ਏਕੋ ਨਰਹਰਹ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ ! ਸਾਰੀ ਦੁਨੀਆਂ ਕਹਿੰਦੀ ਹੈ ਕਿ

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ (ਅੰਗ 1349)*

ਤਥਾ

*ਏਕੁ ਪਿਤਾ ਏਕਸ ਕੇ ਹਮ ਬਾਰਿਕ*
*ਤੂ ਮੇਰਾ ਗੁਰ ਹਾਈ ॥ (ਅੰਗ 611)*

*ਤਥਾ*

god is one we are thy children.

ਸਾਰੀ ਦੁਨੀਆਂ ਕਹਿੰਦੀ ਹੈ ਕਿ ਦ੍ਰਿਸ਼ਟਮਾਨ ਵਿੱਚ ਇੱਕ ਹੈ। ਦੁਨੀਆਂ ਕੋਲੋਂ ਸੁਣਦੇ ਆਏ ਹਾਂ ਕਿ ਉਹ

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਅੰਗ 1)*

ਹੈ। ਜਦੋਂ ਤੋਂ ਦੁਨੀਆਂ ਦੀ ਰਚਨਾ ਹੋਈ ਹੈ ਤਾਕਤ ਇੱਕੋ ਹੀ ਹੈ

*ਦੂਸਰ ਹੋਆ ਨਾ ਕੋ ਹੋਈ ॥*
*ਜਪਿ ਨਾਨਕ ਪ੍ਰਭ ਏਕੋ ਸੋਈ ॥੪ ॥ (ਅੰਗ 740)*

ਦੁਨੀਆਂ ਵਿੱਚ ਜੋ ਵੀ ਭਾਣਾ ਵਾਪਰ ਰਿਹਾ ਹੈ ਜਾਂ ਜੋ ਵੀ ਹੋ ਰਿਹਾ ਹੈ ਉਹ ਸਭ ਕੁਝ ਉਸ ਇੱਕ ਕਰਤਾ ਦੇ ਹੱਥ ਵਿੱਚ ਹੈ। ਜੋ ਉਹ ਕਰਤਾ ਚਾਹੁੰਦੇ ਹਨ ਉਹੋ ਹੀ ਹੋ ਰਿਹਾ ਹੈ। ਸਭ ਨੂੰ ਪਤਾ ਹੈ ਕਿ ਉਸੇ ਦੀ ਤਰੱਕੀ ਹੋਵੇਗੀ, ਉਸੇ ਦਾ ਕਾਰੋਬਾਰ ਵਧੀਆ ਹੋਵੇਗਾ, ਉਹੋ ਹੀ ਸਿਹਤਮੰਦ ਹੋਵੇਗਾ। ਜਿਸ ਉੱਪਰ ਹਜ਼ੂਰ ਕਿਰਪਾ ਕਰਨਗੇ। ਉਹ ਤਾਕਤ ਇੱਕੋ ਹੀ ਹੈ। ਉਸ ਦਾ ਹੀ ਹੁਕਮ ਹਰ ਪਾਸੇ ਚੱਲ ਰਿਹਾ ਹੈ। ਸ੍ਰਿਸ਼ਟੀ ਦੀ ਹਰ ਚੀਜ ਵਿੱਚ ਉਹ ਮਾਲਿਕ ਆਪ ਹਾਜਰ ਨਾਜਰ ਹਨ। ਫੇਰ ਸਾਨੂੰ ਭੁਲੇਖਾ ਕਿਉਂ ਹੁੰਦਾ ਹੈ ਕਿ ਆਹ ਕੰਮ ਇੰਝ ਹੋ ਜਾਵੇਗਾ ਜਾਂ ਉਹ ਉਂਝ ਹੋ ਜਾਵੇਗਾ। ਇਸ ਬਾਰੇ ਹਜ਼ੂਰ ਪੰਜਵੇਂ ਪਾਤਿਸ਼ਾਹ ਸਾਨੂੰ ਅੱਗੇ ਭੇਦ ਬਖਸ਼ਣ ਕਿ ਆਪਾਂ ਕਿਸ ਤਰ੍ਹਾਂ ਦੀ ਰਹਿਣੀ ਰਖੀਏ ਤਾਂ ਕਿ ਅਸੀਂ ਉਸ ਮਾਲਿਕ ਦੇ ਭਾਣੇ ਨੂੰ ਠੀਕ ਮੰਨੀਏ। ਉਸ ਦੇ ਕੀਤੇ ਨੂੰ ਠੀਕ ਮੰਨੀਏ। ਉਸ ਦੀ ਸ਼ਰਨ ਵਿੱਚ ਰਹੀਏ ਤਾਂ ਕਿ ਉਹ ਸਾਡੀਆਂ ਗਲਤੀਆਂ ਅਤੇ ਭੁੱਲਾਂ ਮਾਫ਼ ਕਰਕੇ ਸਾਨੂੰ ਸਿੱਧੇ ਰਸਤੇ ਪਾਉਣ। ਉਹ ਕਿਹੜਾ ਤਰੀਕਾ ਹੈ ਹਜ਼ੂਰ ਉਸ ਬਾਰੇ ਅੱਗੇ ਭੇਦ ਬਖਸ਼ਣ।

**ਨਾਮ ਦਾਨੁ ਜਾਚੰਤਿ ਨਾਨਕ**
**ਦਇਆਲ ਪੁਰਖ ਕ੍ਰਿਪਾ ਕਰਹ ॥੧ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਨਾਮ ਦਾਨ ਦੀ ਜਾਚਨਾ ਕਰਨੀ ਚਾਹੀਦੀ ਹੈ, ਬੇਨਤੀ ਕਰਨੀ ਚਾਹੀਦੀ ਹੈ। ਉਹ ਤਾਕਤ ਦਿਆਲੂ ਹੈ। ਜੀਵ ਸੱਚੀ ਸ਼ਰਧਾ ਅਤੇ ਸੱਚੇ ਹਿਰਦੇ ਨਾਲ ਉਹਨਾਂ ਕੋਲੋਂ ਜੋ ਵੀ ਮੰਗਦਾ ਹੈ ਮਾਲਿਕ ਉਹ ਦਾਤ ਬਖਸ਼ਿਸ਼ ਕਰਦੇ ਹਨ।

ਅਸੀਂ ਆਮ ਤੌਰ 'ਤੇ ਦੁਨਿਆਵੀ ਚੀਜਾਂ ਦੀ ਮੰਗ ਕਰਦੇ ਹਾਂ ਪਰ ਮਾਲਿਕ ਨੂੰ ਕਦੇ ਨਹੀਂ ਮੰਗਿਆ। ਅਸੀਂ 'ਦਾਤਾ' ਨਹੀਂ ਮੰਗਦੇ 'ਦਾਤਾਂ' ਮੰਗਦੇ ਹਾਂ। ਦਾਤਾਂ ਦਾਤੇ ਦੇ ਹੱਥ ਵਿਚ ਹਨ। ਅਗਰ ਦਾਤਾ ਮੰਗ ਲਵਾਂਗੇ ਦਾਤਾਂ ਆਪਣੇ ਆਪ ਮਿਲ ਜਾਣੀਆਂ ਹਨ। ਫਰਜ ਕਰੋ ਸਾਡੇ ਕੋਲ ਕੋਈ ਅਥਾਰਿਟੀ ਹੈ। ਸਾਡੇ ਕੋਲ ਜਿੰਨੀ ਵੀ ਜਮੀਨ-ਜਾਇਦਾਦ, ਧਨ-ਦੌਲਤ ਜਾਂ ਕਾਰੋਬਾਰ ਹਨ ਜਾਂ ਅਸੀਂ ਸੰਸਥਾ ਦੇ ਹੈੱਡ ਹਾਂ। ਅਸੀਂ ਚਾਹੇ ਦਿੱਲੀ ਬੈਠੇ ਹਾਂ, ਚਾਹੇ ਡਬਈ, ਚਾਹੇ ਇੰਗਲੈਂਡ, ਚਾਹੇ ਕਨੇਡਾ, ਚਾਹੇ ਅਮਰੀਕਾ ਬੈਠੇ ਜਾਂ ਚਾਹੇ ਅਸੀਂ ਇੱਥੇ ਹੀ ਲੋਕਲ ਕਿਸੇ ਜਗ੍ਹਾ ਬੈਠੇ ਹਾਂ। ਅਗਰ ਅਸੀਂ ਕਿਤੇ ਵੀ ਬੈਠੇ ਕਿਸੇ ਚੀਜ ਉੱਪਰ ਦਸਤਖ਼ਤ ਕਰਦੇ ਹਾਂ ਉਹ ਓਨੇ ਹੀ ਅਰਥ ਰੱਖਦੇ ਹਨ ਜਿੰਨੇ ਜਲੰਧਰ ਬੈਠਿਆਂ ਕਰਨ ਉਪਰੰਤ ਹਨ। ਦੇਖੋ ਇੱਕ ਦੁਨਿਆਵੀ ਜੀਵ ਜੋ ਕਰਦਾ ਹੈ ਉਹ ਹੋ ਜਾਂਦਾ ਹੈ ਫੇਰ ਮਾਲਿਕ ਤਾਂ ਸਾਰੀ ਕਾਇਨਾਤ ਦੇ ਵਾਰਸ ਹਨ। ਦੁਨਿਆਵੀ ਤੌਰ ਤੇ ਤਾਂ ਸਾਡੇ ਜਾਂ ਤੁਹਾਡੇ ਕੋਲੋਂ ਧੱਕੇ ਨਾਲ ਡਰਾ ਕੇ ਧਮਕਾ ਕੇ ਕੋਈ ਦਸਤਖ਼ਤ ਕਰਵਾ ਸਕਦਾ ਹੈ ਪਰ ਮਾਲਿਕ ਨੂੰ ਕੋਈ ਡਰਾ ਕੇ ਕੁਝ ਨਹੀਂ ਕਰਵਾ ਸਕਦਾ ਕਿਉਂਕਿ ਉਹ ਕਿਸੇ ਦੇ ਵੀ ਭੈਅ ਵਿੱਚ ਨਹੀਂ ਆਉਂਦੇ। ਉਸ ਮਾਲਿਕ ਤੋਂ ਪਿਆਰ ਨਾਲ ਜੋ ਮਰਜੀ ਕਰਵਾ ਲਉ। ਜਿਸ ਤਾਕਤ ਕੋਲੋਂ ਅਸੀਂ ਚੀਜ ਲੈਣੀ ਹੈ, ਉਸ ਅੱਗੇ ਅਰਦਾਸ ਕਰਨੀ ਬਣਦੀ ਹੈ। ਉਸ ਤਾਕਤ ਦੇ ਨਾਲ ਲੜਨਾ ਜਾਂ ਰੁੱਸਣਾ ਨਹੀਂ ਬਣਦਾ। ਦੁਨਿਆਵੀ ਤੌਰ ਤੇ ਅਗਰ ਇੱਕ ਬਜਾਰ ਵਿੱਚੋਂ ਚੀਜ ਨਹੀਂ ਮਿਲਦੀ ਅਸੀਂ ਦੂਜੇ ਬਜਾਰ ਵਿੱਚੋਂ ਲੈ ਲਵਾਂਗੇ ਜਾਂ ਹੋਰ ਕਿਤਿਉਂ ਲੈ ਲਵਾਂਗੇ। ਪਰ ਮਾਲਿਕ ਦੀ ਬਖਸ਼ੀ ਦਾਤ ਹੋਰ ਕਿਸੇ ਜਗ੍ਹਾਂ ਜਾਂ ਹੋਰ ਕਿਸੇ ਕੋਲੋਂ ਨਹੀਂ ਮਿਲਣੀ। ਇਸ ਕਰਕੇ ਸਾਨੂੰ ਦਾਤਾਂ ਨਾ ਮੰਗ ਕੇ ਦਾਤਾ ਮੰਗਣਾ ਚਾਹੀਦਾ ਹੈ।

*ਦਾਤਾ ਓਹ ਨ ਮੰਗੀਐ ਫਿਰਿ ਮੰਗਣ ਜਾਈਐ ॥*
*ਹੋਛਾ ਸਾਹੁ ਨ ਕੀਜਈ ਮੁੜ ਪਛੋਤਾਈਐ ॥*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਸੋਚਦੇ ਹਾਂ ਕਿ ਫਲਾਣੇ ਬੰਦੇ ਨੂੰ ਕਹਿ ਕੇ ਆਪਾਂ ਕੰਮ ਕਰਵਾ ਲਵਾਂਗੇ। ਪਰ ਉੱਥੇ ਵੀ ਤਾਂ ਉਹੋ ਹੀ ਮਾਲਿਕ ਹਨ। ਸਾਡੇ ਬਜ਼ੁਰਗ ਕਿਹਾ ਕਰਦੇ ਸਨ ਕਿ

*ਨਾ ਜਾਹ ਬਰਮਾ ਨੂੰ ਲੇਖ ਜਾਣਗੇ ਨਾਲੇ।*

ਇੱਕ ਜੀਵ ਚਾਹੇ ਕਿਤੇ ਵੀ ਚਲਾ ਜਾਵੇ ਉਸ ਦੀ ਕਿਸਮਤ ਨਾਲ ਜਾਂਦੀ ਹੈ। ਦੂਸਰਾ ਉੱਥੇ ਵੀ ਕਰਤੇ ਨੇ ਹੀ ਕੰਮ ਕਰਨਾ ਹੈ। ਜਿੱਥੇ ਵੀ ਜਾਂਵਾਗੇ

*ਨਕਿ* ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ (ਅੰਗ 653)

ਤਥਾ

*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥*

*(ਅੰਗ 206)*

ਅਸੀਂ ਮਾਲਿਕ ਦੀਆਂ ਕਠਪੁਤਲੀਆਂ ਹਾਂ। ਜਿਸ ਤਰ੍ਹਾਂ ਮਾਲਿਕ ਸਾਨੂੰ ਨਚਾਉਂਦੇ ਹਨ ਅਸੀਂ ਨੱਚਦੇ ਹਾਂ।

**ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥**

*ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥*

*ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥੪ ॥*

*(ਅੰਗ 1378)*

ਅਗਰ ਸੇਵਨਾ ਕਰਨੀ ਹੈ, ਮਾਲਿਕ ਦਾ ਸਿਮਰਨ ਕਰਨਾ ਹੈ ਤਾਂ

*ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥*

*ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨ ॥*

*(ਅੰਗ 660)*

ਸਿਮਰਨ ਕਰਨ ਦੇ ਨਾਲ ਨਾਲ ਮਨ ਵਿੱਚ ਉਸ ਦਾ ਡਰ ਅਤੇ ਭੈ ਰੱਖੋ। ਸੰਭਲ ਕੇ ਰਹੋ ਕਿ ਮੇਰੇ ਕੋਲੋਂ ਕੋਈ ਭੁੱਲ ਨਾ ਹੋ ਜਾਵੇ। ਕੁੰਭਕਰਨ ਨੇ ਬਹੁਤ ਤਪੱਸਿਆ ਕੀਤੀ ਸੀ। ਉਸ ਤੋਂ ਪੁੱਛਿਆ ਗਿਆ ਸੀ ਕਿ ਦੱਸ ਤੂੰ ਕੀ ਮੰਗਦਾ ਏਂ। ਉਹ ਮੰਗਣ ਲੱਗਿਆਂ ਸੰਭਲਿਆ ਨਹੀਂ। ਉਸ ਨੇ ਸੋਚ ਕੇ ਅਰਾਮ ਨਾਲ ਨਹੀਂ ਮੰਗਿਆ। ਉਸ ਨੇ ਇੰਦਰਾਸਨ ਮੰਗਣਾ ਸੀ ਕਿ ਇੰਦਰ ਦਾ ਰਾਜ ਭਾਗ ਮੈਨੂੰ ਮਿਲ ਜਾਵੇ ਪਰ ਉਹ ਕਾਹਲੀ-ਕਾਹਲੀ ਵਿੱਚ ਨਿੰਦਰਾਸਣ ਮੰਗ ਬੈਠਾ। ਉਹ ਛੇ ਮਹੀਨੇ ਰੋਟੀ ਖਾ ਕੇ ਸੌਂ ਜਾਂਦਾ ਸੀ। ਉਹ ਜਾਗ ਕੇ ਰੋਟੀਆਂ ਖਾ ਕੇ ਫੇਰ ਛੇ ਮਹੀਨੇ ਲਈ ਸੌਂ ਜਾਂਦਾ ਸੀ ਕਿਉਂਕਿ ਉਸ ਨੇ ਨੀਂਦ ਹੀ ਮੰਗ ਲਈ ਸੀ। ਜਿਵੇਂ ਸਬਾਤ ਹੁੰਦੀ ਹੈ ਜਿਸ ਦਾ ਭਾਵ ਹੈ ਡਾਇਨਿੰਗ ਰੂਮ ਕਿਚਨ। ਅਤੇ ਇੱਕ ਵਫਾਤ ਹੁੰਦੀ ਹੈ ਜਿਸ ਦਾ ਭਾਵ ਹੈ ਮੌਤ। ਅਗਰ ਅਸੀਂ ਕਾਹਲੀ ਕਾਹਲੀ ਵਿੱਚ ਸਬਾਤ ਮੰਗਦੇ ਮੰਗਦੇ ਵਫਾਤ ਮੰਗ ਲਈ ਫੇਰ ਕੀ ਕਰਾਂਗੇ। ਸੋਈ ਤੁਸੀਂ ਬੋਲਣ ਤੋਂ ਪਹਿਲਾਂ ਵਿਚਾਰ ਕਰੋ ਅਤੇ ਸਿਮਰਨ ਕਰਨ ਤੋਂ ਬਾਦ ਸੰਭਲ ਕੇ ਸੋਚ ਸਮਝ ਕੇ ਬੇਨਤੀ ਕਰੋ। ਅਗਰ ਤੁਹਾਨੂੰ ਮਾਲਿਕ ਕੋਲੋਂ ਮੰਗਣਾ ਨਹੀਂ ਆਉਂਦਾ ਤਾਂ ਬਹੁਤ ਸੌਖਾ ਤਰੀਕਾ ਹੈ ਇਕੋ ਬੇਨਤੀ ਕਰ ਦਿਆ ਕਰੋ ਕਿ

*ਆਪਣੀ ਦਇਆ ਸੇ ਦੀਜੋ ਦਾਨਾ ।*

*ਸੇਵਕ ਸੇ ਕਿਛ ਮਾਂਗ ਨਾ ਜਾਨਾ।*

ਸੱਚੇ ਪਾਤਿਸ਼ਾਹੋ! ਮੈਨੂੰ ਨਹੀਂ ਪਤਾ ਮੈਂ ਕੀ ਮੰਗਣਾ ਹੈ ਪਰ ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਦੇਣਾ ਹੈ।

ਜਦੋਂ ਸਾਡੇ ਹਜ਼ੂਰ ਧਿਆਨਪੁਰ ਵਾਲੇ ਢਿੱਲੇ ਹੋ ਗਏ ਤਾਂ ਸਾਰੀ ਸੰਗਤ ਬੈਠੀ ਸੀ। ਹਜ਼ੂਰ ਸਭ ਨੂੰ ਕਹਿਣ ਲੱਗੇ ਮੰਗੋ ਕੀ ਮੰਗਦੇ ਹੋ? ਕਿਸੇ ਨੇ ਕਿਹਾ ਮੇਰਾ ਟਿਊਬਵੈੱਲ ਦਾ ਕਨੈਕਸ਼ਨ ਮਿਲ ਜਾਵੇ। ਕਿਸੇ ਨੇ ਕਿਹਾ ਮੇਰਾ ਲੜਕਾ ਵਧੀਆ ਪੜ੍ਹ ਜਾਵੇ। ਕਿਸੇ ਨੇ ਕਿਹਾ ਲੜਕੀ ਪੜ੍ਹ ਜਾਵੇ। ਕਿਸੇ ਨੇ ਕੁਝ ਮੰਗਿਆ, ਕਿਸੇ ਨੇ ਕੁਝ ਮੰਗਿਆ। ਸਾਨੂੰ ਬਾਰ ਬਾਰ ਸੁਨੇਹਾ ਆਇਆ ਕਿ ਤੁਸੀਂ ਵੀ ਆਉ। ਅਸੀਂ ਆ ਕੇ ਬੇਨਤੀ ਕੀਤੀ ਕਿ ਹਜ਼ੂਰ ਤੁਸੀਂ ਕਿਤੇ ਚੱਲੇ ਹੋ? ਤੁਸੀਂ ਕਿਤੇ ਦੂਰ ਜਾਣਾ ਹੈ? ਜਿੱਥੇ ਤੁਸੀਂ ਜਾਣਾ ਹੈ ਕੀ ਅਸੀਂ ਉੱਥੇ ਨਾਲ ਨਹੀਂ ਜਾ ਸਕਦੇ। ਅੱਜ ਤੁਸੀਂ ਇਹ ਕਿਉਂ ਕਹਿ ਰਹੇ ਹੋ ਕਿ ਜੋ ਮੰਗਣਾ ਹੈ ਮੰਗ ਲਉ ਫੇਰ ਨਾ ਪਛਤਾਇਉ। ਹਜ਼ੂਰ ਸਾਨੂੰ ਤੁਸੀਂ ਹੀ ਚਾਹੀਦੇ ਹੋ। ਅਸੀਂ ਇਹ ਚੀਜਾਂ ਕੀ ਕਰਨੀਆਂ ਹਨ। ਸਾਨੂੰ ਅੱਛੇ ਲੱਛਣ ਨਹੀਂ ਲੱਗ ਰਹੇ। ਅਸੀਂ ਕਿਹਾ ਸਾਧ ਸੰਗਤ ਜੀ ਤੁਸੀਂ ਕਿਉਂ ਮੰਗੀ ਜਾਂਦੇ ਹੋ। ਤੁਹਾਨੂੰ ਪਤਾ ਨਹੀਂ ਹੈ ਕਿ ਹਜ਼ੂਰ ਦੀ ਸਿਹਤ ਢਿੱਲੀ ਹੈ ਫੇਰ ਤੁਸੀਂ ਕਿਉਂ ਮੰਗੀ ਜਾਂਦੇ ਹੋ। ਹਜ਼ੂਰ ਨੇ ਸਾਨੂੰ ਦੋ ਤਿੰਨ ਵਾਰ ਕਿਹਾ ਪੁੱਤਰ ਤੂੰ ਕਿਉਂ ਨਹੀਂ ਮੰਗਦਾ। ਅਸੀਂ ਕਿਹਾ ਹਜ਼ੂਰ ਸਾਨੂੰ ਨਹੀਂ ਪਤਾ ਅਸੀਂ ਕੀ ਮੰਗਣਾ ਹੈ ਅਸੀਂ ਝੋਲੀ ਅੱਗੇ ਕਰ ਦਿੱਤੀ ਕਿ ਹਜ਼ੂਰ ਜੋ ਦੇਣਾ ਹੈ ਦੇ ਦਿਉ।

*ਅਪਨੀ ਦਇਆ ਸੇ ਦੀਜੋ ਦਾਨਾ।*

*ਸੇਵਕ ਸੇ ਕਿਛ ਮਾਂਗ ਨਹੀ ਜਾਨਾ।*

ਹਜ਼ੂਰ ਕਹਿਣ ਲੱਗੇ ਅਗਰ ਤੈਨੂੰ ਮੰਗਣਾ ਨਹੀਂ ਆਉਂਦਾ, ਸਾਨੂੰ ਦੇਣਾ ਤਾਂ ਆਉਂਦਾ ਹੈ। ਆਪਾਂ ਕਈ ਦਫ਼ਾ ਲਾਲਚ ਵਿੱਚ ਫੱਸ ਕੇ ਦੁਨਿਆਵੀ ਚੀਜਾਂ ਮੰਗਦੇ ਹਾਂ। ਮਾਲਿਕ ਨੂੰ, ਦਾਤੇ ਨੂੰ ਨਹੀਂ ਮੰਗਦੇ ਅਤੇ ਰਹਿਮਤਾਂ ਨਹੀਂ ਮੰਗਦੇ।

**ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ ॥੨ ॥**

ਅਸੀਂ ਕਦੇ ਨਾਮ ਦਾ ਖਜਾਨਾ ਨਹੀਂ ਮੰਗਿਆ। ਕਦੇ ਨਾਮ ਦਾ ਧਨ ਇਕੱਠਾ ਨਹੀਂ ਕੀਤਾ। ਸੱਚੀ ਰਾਸ ਨਾਮ ਦੇ ਖ਼ਜਾਨੇ ਨੂੰ ਕਹਿੰਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਸੀਂ ਤਾਂ ਨਾਮ ਦੇ ਧਨ ਦਾ ਖ਼ਜਾਨਾ ਇਕੱਠਾ ਕੀਤਾ ਹੈ। ਅਸੀਂ ਦੁਨਿਆਵੀ ਰਾਸਾਂ ਇਕੱਠੀਆਂ ਨਹੀਂ ਕੀਤੀਆਂ।

**॥ ਪਉੜੀ ॥**

**ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ ॥**

ਮੇਰੇ ਸਤਿਗੁਰ ਵਰਗਾ ਹੋਰ ਕੋਈ ਨਹੀਂ ਹੈ।

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ (ਅੰਗ 1362)*

ਤਥਾ

*ਮੈਂ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥*

*(ਅੰਗ 1098)*

ਮੇਰੇ ਸਤਿਗੁਰ ਜਿਹਾ ਦਿਆਲੂ ਦੁਨੀਆਂ ਵਿੱਚ ਹੋਰ ਕੋਈ ਨਹੀਂ ਹੈ।

**ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ॥**

ਉਹਨਾਂ ਵਰਗਾ ਹੋਰ ਕੋਈ ਨਹੀਂ ਹੈ।

*ਮੈ ਰੱਬ ਡਿੱਠਾ ਪਰ ਰੱਬ ਰਾਂਝੇ ਜੇਹਾ ਨਾਹੀ।*

ਸਭ ਕਰਨ ਕਰਾਵਨਹਾਰ ਉਹੋ ਆਪ ਹੀ ਹਨ।

**ਆਪਿ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ ॥**

ਸੱਚੇ ਪਾਤਿਸ਼ਾਹੋ! ਦਾਨ ਵੀ ਆਪ ਦਿਉ ਅਤੇ ਲੈ ਵੀ ਆਪ ਲਉ। ਕਈ ਵਾਰ ਜਦੋਂ ਅਸੀਂ ਬੱਚੇ ਨੂੰ ਪ੍ਰਸ਼ਾਦ ਦੇਣ ਲੱਗਦੇ ਹਾਂ ਤਦ ਬੱਚੇ ਦੀ ਬੁੱਧੀ ਛੋਟੀ ਹੁੰਦੀ ਹੈ। ਇਸ ਕਰਕੇ ਉਸ ਦੇ ਮਾਤਾ-ਪਿਤਾ ਨੂੰ ਕਹੀਦਾ ਹੈ ਕਿ ਇਸ ਦਾ ਪ੍ਰਸ਼ਾਦ ਆਪ ਫੜ ਲਉ ਇਹ ਸੁੱਟ ਨਾ ਦੇਵੇ। ਤੁਸੀਂ ਸਾਰੇ ਬੈਠੇ ਹੋ। ਸਭ ਦੇ ਛੋਟੇ ਬੱਚੇ ਹਨ। ਕਿਸੇ ਦਾ ਪੁੱਤਰ, ਕਿਸੇ ਦੀ ਧੀ ਹੈ ਕਿਸੇ ਦਾ ਪੋਤਰਾ, ਪੋਤਰੀ ਜਾਂ ਦੋਹਤਰਾ, ਦੋਹਤਰੀ ਹੈ। ਤੁਸੀਂ ਉਸ ਦੇ ਦੋਵੇਂ ਹੱਥ ਫੜ ਕੇ ਅੱਗੇ ਕਰਦੇ ਹੋ ਇਸ ਨੂੰ ਪ੍ਰਸ਼ਾਦ ਦਿਉ। ਅਸੀਂ ਪ੍ਰਸ਼ਾਦ ਦੇਣ ਲੱਗੇ ਡਰਦੇ ਹਾਂ ਕਿ ਇਸ ਦੇ ਹੱਥ ਹਿੱਲ ਜਾਣੇ ਹਨ ਅਤੇ ਪ੍ਰਸ਼ਾਦ ਡਿੱਗ ਪਿਆ ਤਦ ਅੱਛੀ ਗੱਲ ਨਹੀਂ ਹੈ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਤੁਸੀਂ ਝੋਲੀ ਕਰਕੇ ਲੈ ਲਉ ਬਾਦ ਵਿੱਚ ਬੱਚੇ ਨੂੰ ਦੇ ਦੇਣਾ। ਬੇਸ਼ਕ ਬੱਚਾ ਚਾਹੇ ਜ਼ਿੱਦ ਕਰਦਾ ਹੈ ਕਿ ਮੈਂ ਆਪ ਲੈਣਾ ਹੈ ਤੁਸੀਂ ਬਾਹੋਂ ਫੜ ਕੇ ਪਰ੍ਹੇ ਖੜਦੇ ਹੀ ਹੋ। ਇਸ ਤਰ੍ਹਾਂ ਸਾਧੂਆਂ ਕੋਲ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਸਾਡੀਆਂ ਝੋਲੀਆਂ ਵੀ ਫਟੀਆਂ ਹੋਈਆਂ ਹਨ। ਹਜ਼ੂਰ ਤੁਸੀਂ ਸਾਨੂੰ ਜੋ ਦਾਤ ਬਖਸ਼ਦੇ ਹੋ ਉਹ ਤੁਸੀਂ ਆਪ ਹੀ ਸਾਂਭ ਕੇ ਲੈ ਲਉ ਅਤੇ ਸਾਡੇ ਮੂੰਹ ਵਿੱਚ ਵੀ ਆਪੇ ਹੀ ਪਾ ਦਿਉ। ਇਸ ਤਰ੍ਹਾਂ ਹਜ਼ੂਰ ਆਪ ਹੀ ਦਿਉ ਅਤੇ ਆਪ ਹੀ ਲਉ। ਇਸ ਤਰ੍ਹਾਂ ਹਜ਼ੂਰ ਮੇਰੀ ਵੀ ਝੋਲੀ ਫਟੀ ਹੈ, ਹੋ ਸਕਦਾ ਹੈ ਕਿ ਤੁਸੀਂ ਦਾਤ ਪਾਉ ਅਤੇ ਮੈਂ ਗੁਆ ਬੈਠਾਂ। ਇਸ ਕਰਕੇ ਤੁਸੀਂ ਆਪ ਹੀ ਮੇਰੇ ਉੱਪਰ ਕਿਰਪਾ ਕਰੋ।

**ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ ॥**

ਹਜ਼ੂਰ! ਜੀਵ ਦਾ ਦੁਨੀਆਂ ਵਿੱਚ ਆਉਣਾ ਜਾਣਾ ਹੁਕਮ ਹੈ। ਸਿਰਫ਼ ਇੱਕ ਤੁਸੀਂ ਹੀ ਨਿਹਚਲ ਹੋ। ਤੁਸੀਂ ਮੇਰਾ ਸਹਾਰਾ ਬਣੇ ਰਹਿਉ।

**ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥੨੦ ॥੧ ॥**

ਮਾਲਿਕ ਅੱਗੇ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*

*(ਅੰਗ 958)*

ਮੈਨੂੰ ਨਾਮ ਦੀ ਦਾਤ ਬਖਸ਼ੋ ਤਾਂ ਕਿ ਮੇਰੀ ਜੁਗਾਂ ਜੁਗੰਤਰਾਂ ਦੀ ਭੁੱਖ ਨਵਿਰਤ ਹੋ ਸਕੇ।

# ਸਤਿਸੰਗ

**ਸਲੋਕ ਮ: ੧ ॥ (ਅੰਗ 466)**

**ਹਉ ਵਿਚਿ ਆਇਆ ਹਉ ਵਿਚਿ ਗਇਆ ॥**
**ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਜਦੋਂ ਇਨਸਾਨ ਦੁਨੀਆਂ ਵਿੱਚ ਜਨਮ ਲੈਂਦਾ ਹੈ ਕਾਲ ਉਸਦੇ ਕੰਨ ਵਿੱਚ ਫੂਕ ਮਾਰ ਦਿੰਦਾ ਹੈ ਕਿ ਮੈਂ ਤੇਰੇ ਵਰਗਾ ਦੁਨੀਆਂ ਵਿੱਚ ਹੋਰ ਕੋਈ ਨਹੀਂ ਭੇਜਿਆ। ਤੇਰੇ ਵਰਗਾ ਤੂੰ ਹੀ ਹੈਂ। ਸਾਰੇ ਹੀ ਆਪਣੇ ਆਪ ਲਈ ਇਹੋ ਹੀ ਕਹਿੰਦੇ ਹਨ ਕਿ ਹਮ ਹੈਂ ਹਮ। ਇਨਸਾਨ ਮਾਤਾ ਦੇ ਗਰਭ ਵਿੱਚ ਪੁੱਠਾ ਲਟਕਿਆ ਹੁੰਦਾ ਹੈ। ਉਦੋਂ ਪੁਕਾਰ ਕਰਦਾ ਹੈ ਕਿ ਸੱਚੇ ਪਾਤਿਸ਼ਾਹੋ! ਕਿਰਪਾ ਕਰੋ ਮੈਂ ਠੀਕ ਠਾਕ ਜਨਮ ਲੈ ਕੇ ਤੁਹਾਡਾ ਸਿਮਰਨ ਕਰਾਂ। ਪ੍ਰੰਤੂ ਜਨਮ ਲੈਂਦਿਆਂ ਸਾਰ ਹੀ ਜੀਵ ਵਿਚ ਹਉਮੈਂ ਆ ਜਾਂਦੀ ਹੈ। ਸੰਤਾਂ ਨੇ ਫ਼ੁਰਮਾਨ ਕੀਤਾ ਹੈ ਕਿ

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*

*(ਅੰਗ 466)*

ਸਭ ਤੋਂ ਵੱਡਾ ਰੋਗ ਹਉਮੈਂ ਹੀ ਹੈ। ਉਸਨੂੰ ਆਪਣੇ ਵਿੱਚੋਂ ਕੱਢਣਾ ਚਾਹੀਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਖੀਰਲੇ ਸਮੇਂ ਤੱਕ ਜੀਵ ਦੇ ਅੰਦਰੋਂ ਹੰਕਾਰ ਨਹੀਂ ਜਾਂਦਾ। ਬੱਕਰੇ ਵਾਂਗ ਮੈਂ ਮੈਂ ਕਰੀ ਜਾਂਦਾ ਹੈ ਹਾਲਾਂਕਿ ਇਹ ਪਤਾ ਵੀ ਹੈ ਕਿ ਮੈਂ ਕਸਾਈ ਦੇ ਵੱਸ ਪੈਣਾ ਹੈ। ਫੇਰ ਵੀ ਇਨਸਾਨ ਐਸੀ ਮਿੱਟੀ ਦਾ ਬਣਿਆ ਹੋਇਆ ਹੈ ਜੋ ਹਉਮੈਂ ਵਿੱਚ ਹੀ ਸਭ ਕੁਝ ਗਵਾਈ ਜਾਂਦਾ ਹੈ। ਜਦੋਂ ਜੰਮਦਾ ਹੈ ਉਦੋਂ ਵੀ ਕਹਿੰਦਾ ਹੈ ਕਿ ਮੇਰੇ ਵਰਗਾ ਹੋਰ ਕੋਈ ਨਹੀਂ ਹੈ ਅਤੇ ਮਰਨ ਸਮੇਂ ਵੀ ਕਹਿੰਦਾ ਹੈ ਕਿ ਮੈਂ ਜੋ ਕਰ ਚੱਲਿਆਂ ਹਾਂ ਹੋਰ ਕੋਈ ਨਹੀਂ ਕਰ ਸਕਦਾ। ਤਦੇ ਸੂਫੀ ਫਕੀਰ ਫ਼ੁਰਮਾਨ ਕਰਦੇ ਹਨ ਕਿ

*ਮੇਰੀ ਮੈਂ ਨੇ ਮੈਨੂੰ ਜੁਦਾ ਰੱਖਿਆ।*
*ਮੈਨੂੰ ਬੰਦਾ ਤੇ ਤੈਨੂੰ ਖੁਦਾ ਰੱਖਿਆ।*
*ਮੈਂ ਮੁੱਕ ਗਈ ਤਾਂ ਰੌਲਾ ਕੀ।*
*ਰਾਮ ਰਹੀਮ ਤੇ ਮਉਲਾ ਕੀ।*

**ਹਉ ਵਿਚਿ ਦਿਤਾ ਹਉ ਵਿਚਿ ਲਇਆ॥**

**ਹਉ ਵਿਚਿ ਖਟਿਆ ਹਉ ਵਿਚਿ ਗਇਆ॥**

ਇਸੇ ਕਰਕੇ ਅਸੀਂ ਬਾਰ ਬਾਰ ਕਹਿੰਦੇ ਹਾਂ ਕਿ ਕਦੇ ਵੀ ਕੋਈ ਚੀਜ ਕਿਸੇ ਨੂੰ ਦੇਣ ਸਮੇਂ ਦਾਨੀ ਬਣ ਕੇ ਨਾ ਦਿਉ। ਕਿਉਂਕਿ ਦਿੱਤਾ ਹੋਇਆ ਦਾਨ ਲੈਣ ਲਈ ਵਾਪਸ ਆਉਣਾ ਪੈਂਦਾ ਹੈ। ਅਗਰ ਕਿਸੇ ਨੂੰ ਕੋਈ ਚੀਜ ਦਿੰਦੇ ਹੋ ਤਦ ਮਾਲਿਕ ਦਾ ਸਰੂਪ ਸਮਝ ਕੇ ਦਿਉ ਕਿ ਇਹ ਜੀਵ ਵੀ ਮਾਲਿਕ ਦਾ ਹੀ ਰੂਪ ਹੈ। ਮਾਲਿਕ ਇਸ ਵਿੱਚ ਵਸਦੇ ਹਨ ਅਤੇ ਮੈਂ ਮਾਲਿਕ ਦੀ ਸੇਵਾ ਕਰ ਰਿਹਾਂ ਹਾਂ।

ਇੱਕ ਵਾਰ ਸੁਥਰਾ ਭਗਤ ਗੰਗਾ ਦੇ ਵਿਚਕਾਰ ਬਰੇਤੇ ਉੱਤੇ ਬੈਠਾ ਸਿਮਰਨ ਕਰ ਰਿਹਾ ਸੀ। ਕੋਈ ਜੀਵ ਆਇਆ ਅਤੇ ਪੰਡਿਤਾਂ ਨੂੰ ਕਹਿਣ ਲੱਗਾ ਕਿ ਮੇਰੇ ਤੋਂ ਜਿੰਨੇ ਮਰਜੀ ਪੈਸੇ ਲੈ ਲਉ ਪਰ ਮੈਨੂੰ ਇਹ ਦੱਸ ਦਿਉ ਕਿ ਐਥੇ ਸੱਚੇ ਸਾਧੂ ਕਿਹੜੇ ਹਨ। ਪੰਡਿਤਾਂ ਨੇ ਉਸ ਜੀਵ ਨੂੰ ਦੱਸਿਆ ਕਿ ਅਜਿਹਾ ਸਾਧੂ ਉਹ ਸੁੱਥਰਾ ਭਗਤ ਜੋ ਨਦੀ ਦੇ ਵਿਚਕਾਰ ਬਰੇਤੇ ਉੱਪਰ ਬੈਠ ਕੇ ਸਿਮਰਨ ਕਰ ਰਿਹਾ ਹੈ ਤਾਂ ਕਿ ਉੱਥੇ ਪਹੁੰਚ ਕੇ ਉਹਨਾਂ ਨੂੰ ਕੋਈ ਤੰਗ ਨਾ ਕਰੇ। ਉਹ ਜੀਵ ਸ਼ਾਹੂਕਾਰ ਸੀ। ਉਹ ਸੁਥਰੇ ਭਗਤ ਕੋਲ ਗਿਆ। ਉਸ ਸਮੇਂ ਲੋਕ ਕੌਡੀਆਂ ਮੱਥਾ ਟੇਕਿਆ ਕਰਦੇ ਸਨ। ਕਿਸੇ ਨੇ ਇੱਕ ਦਰਜਨ ਕਿਸੇ ਨੇ ਇੱਕ ਗੁਰਸ ਅਰਥਾਤ ਬਾਰਾਂ ਦਰਜਨਾਂ (ਇੱਕ ਸੋ ਚੁਤਾਲੀ) ਕੌਡੀਆਂ ਮੱਥਾ ਟੇਕਣੀਆਂ। ਉਸ ਸਮੇਂ ਇੱਕ ਆਨੇ ਦੀਆਂ ਇੱਕ ਸੋ ਚੁਤਾਲੀ ਕੌਡੀਆਂ ਆ ਜਾਂਦੀਆਂ ਸਨ। ਅਸੀਂ ਬਾਂਟਿਆਂ ਵਾਂਗ ਖੇਡਣ ਲਈ ਖਰੀਦਿਆ ਕਰਦੇ ਸੀ। ਪਰ ਉਸ ਸ਼ਾਹੂਕਾਰ ਦੇ ਮਨ ਵਿੱਚ ਬਹੁਤ ਭਾਵ ਆਇਆ ਅਤੇ ਉਸਨੇ ਸੋ ਰੁਪਿਆ ਸੁਥਰੇ ਭਗਤ ਨੂੰ ਮੱਥਾ ਟੇਕਿਆ। ਜਦੋਂ ਸੋ ਰੁਪਿਆ ਮੱਥਾ ਟੇਕਿਆ ਤਦ ਸੁਥਰੇ ਭਗਤ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਸ ਜੀਵ ਨੇ ਪਿਛਲੇ ਜਨਮ ਵਿੱਚ ਮੇਰੇ ਤੋਂ ਸੋ ਰੁਪਿਆ ਲਿਆ ਸੀ ਉਹ ਮੋੜਨ ਆਇਆ ਹੈ। ਸੁਥਰੇ ਭਗਤ ਨੇ ਪੁੱਛਿਆ ਕਿ ਭਾਈ ਸਿੱਖਾ! ਤੂੰ ਮੈਨੂੰ ਇਹ ਪੈਸੇ ਕਿਉਂ ਦੇ ਰਿਹਾ ਏਂ। ਉਸ ਸ਼ਾਹੂਕਾਰ ਨੇ ਉੱਤਰ ਦਿੱਤਾ ਕਿ ਮੈਂ ਸ਼ਰਧਾ ਅਨੁਸਾਰ ਦੇ ਰਿਹਾ ਹਾਂ। ਸੁਥਰੇ ਭਗਤ ਨੇ ਕਿਹਾ ਤੂੰ ਜਾਂ ਮੈਨੂੰ ਇੱਕ ਸੋ ਪੰਜ ਰੁਪਏ ਦੇਹ ਜਾਂ ਫੇਰ ਪੰਚਾਨਵੇਂ ਰੁਪਏ ਦੇਹ। ਉਸ ਸ਼ਾਹੂਕਾਰ ਨੇ ਕਾਰਨ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਅਗਰ ਇੱਕ ਸੋ ਪੰਜ ਰੁਪਏ ਦੇਵੇਂਗਾ ਫੇਰ ਤੇਰੇ ਲਈ ਮੰਤਰ ਪੜ੍ਹ ਦਿਆਂਗੇ। ਪਰ ਸੋ ਰੁਪਏ ਨਾਲ ਨਹੀਂ ਪੜ੍ਹਿਆ ਜਾਣਾ। ਉਹ ਸ਼ਾਹੂਕਾਰ ਸੋਚਣ ਲੱਗਾ ਪੰਡਿਤ ਤਾਂ ਕਹਿੰਦੇ ਸਨ ਕਿ ਇਹ ਬਾਬੇ ਬੜੇ ਨਿਰਲੇਪ ਹਨ ਜਦੋਂ ਉਸ ਨੇ ਕਾਰਨ ਪੁੱਛਿਆ ਤਾਂ ਸੁਥਰੇ ਭਗਤ ਨੇ ਦੱਸਿਆ ਕਿ ਪਿਛਲੇ ਜਨਮ ਵਿੱਚ ਤੂੰ ਫਲ੍ਹਾਣਾ ਜੀਵ ਸੀ। ਤੂੰ ਮੇਰੇ ਕੋਲੋਂ ਸੋ ਰੁਪਿਆ ਲੈ ਗਿਆ ਸੀ ਪਰ ਮੋੜਿਆ ਨਹੀਂ ਸੀ। ਹੁਣ ਤੂੰ ਸ਼ਾਹੂਕਾਰ ਏਂ। ਪ੍ਰਮਾਤਮਾ ਨੇ ਤੇਰੇ ਭਾਗ ਜਗਾਏ ਹਨ ਤਦੇ ਤੂੰ ਮੇਰਾ ਪੈਸਾ ਮੋੜਨ ਆਇਆ ਏਂ। ਹੁਣ ਅਗਰ ਤੂੰ ਮੰਤਰ ਪੜ੍ਹਾਉਣਾ ਹੈ ਤਾਂ ਪੰਜ ਰੁਪਏ ਹੋਰ ਰੱਖ ਦੇ। ਉਸ ਜੀਵ ਨੇ ਪੰਜ ਰੁਪਏ ਹੋਰ ਰੱਖ ਦਿੱਤੇ। ਤਦ ਸੁਥਰੇ ਭਗਤ ਨੇ ਮੰਤਰ ਪੜ੍ਹਿਆ ਕਿ

*ਆਰ ਗੰਗਾ ਪਾਰ ਗੰਗਾ ਵਿੱਚ ਮੈਂ ਤੇ ਤੂੰ।*

ਸਾਡੇ ਦੋਵੇਂ ਪਾਸੇ ਗੰਗਾ ਵਗ ਰਹੀ ਹੈ ਅਤੇ ਅਸੀਂ ਬਰੇਤੇ ਉੱਪਰ ਬੈਠੇ ਹਾਂ।

*ਲੈਣਾ ਦੇਣਾ ਸੁਥਰਿਆ ਦੇ ਕੇ ਨਾਸੀਂ ਧੂੰ।*

ਅਸੀਂ ਤੇਰੇ ਕੋਲੋਂ ਧੱਕੇ ਨਾਲ ਆਪਣਾ ਸੌ ਰੁਪਿਆ ਲੈ ਰਹੇ ਹਾਂ। ਅਗਰ ਤੂੰ ਮੰਤਰ ਪੜਾਉਣਾ ਹੈ ਤਦ ਫੇਰ ਆਵੀਂ। ਸੋਈ ਕੋਈ ਜੀਵ ਪਿਤਾ ਬਣ ਕੇ, ਕੋਈ ਪੁੱਤਰ ਬਣ ਕੇ, ਕੋਈ ਭਰਾ ਬਣ ਕੇ ਕਰਜਾ ਲੈ ਲੈਂਦਾ ਹੈ। ਕਿਸੇ ਨੂੰ ਸਾਲ੍ਹਾ ਲੁੱਟੀ ਜਾਂਦਾ ਹੈ। ਕਿਸੇ ਨੂੰ ਭਣਵਈਆ ਲੁੱਟੀ ਜਾਂਦਾ ਹੈ ਜਾਂ ਭੈਣ-ਭਰਾ ਲੁੱਟੀ ਜਾਂਦੇ ਹਨ। ਇਹ ਸਾਰਾ ਲੈਣਾ-ਦੇਣਾ ਹੁੰਦਾ ਹੈ। ਅਖੀਰ ਅਸੀਂ ਵੀ ਇਹੋ ਕਹਿੰਦੇ ਹਾਂ ਕਿ ਚਲੋ ਇਸ ਦਾ ਕਿਸੇ ਜਨਮ ਦਾ ਲੈਣਾ ਦੇਣਾ ਹੋਵੇਗਾ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੀਵ ਜੋ ਕੁਝ ਵੀ ਖੱਟਦਾ ਹੈ ਉਹ ਵੀ ਕਹਿੰਦਾ ਹੈ ਕਿ ਮੇਰੀ ਚਤੁਰਾਈ ਨਾਲ ਖੱਟਿਆ ਗਿਆ ਹੈ। ਮੈਂ ਹੀ ਕੇਸ ਜਿੱਤਿਆ ਹਾਂ, ਮੈਂ ਕਮਾਈ ਕੀਤੀ ਹੈ। ਅਗਰ ਕੁਝ ਗੁਆਚਦਾ ਹੈ ਤਦ ਵੀ ਜੀਵ ਕਹਿੰਦਾ ਹੈ ਕਿ ਕੋਈ ਗੱਲ ਨਹੀਂ ਇਸ ਤੋਂ ਫੇਰ ਖੱਟ ਲਵਾਂਗੇ। ਜੀਵ ਅਖੀਰ ਤੱਕ ਆਪਣੀ ਹਉਮੈ ਨਹੀਂ ਛੱਡਦਾ।

**ਹਉ ਵਿਚਿ ਸਚਿਆਰੁ ਕੁੜਿਆਰੁ॥**

ਜਦੋਂ ਸੱਚੇ ਬੰਦੇ ਵਿੱਚ ਹਉਮੈ ਆ ਜਾਂਦੀ ਹੈ।

*ਲੇਨੇ ਕੋ ਹਰੀ ਨਾਮ ਹੈ ਦੇਨੇ ਕੋ ਹੈ ਦਾਨ।*

*ਤੈਰਨੇ ਕੋ ਗੁਰੂ ਭਗਤੀ ਡੂਬਨੇ ਕੋ ਅਭਿਮਾਨ।*

ਜਦੋਂ ਇਨਸਾਨ ਹਉਮੈ ਵਿੱਚ ਆ ਕੇ ਗਲਤੀ ਕਰਦਾ ਹੈ ਉਹ ਸੱਚੇ ਤੋਂ ਝੂਠਾ ਬਣ ਜਾਂਦਾ ਹੈ। ਅਤੇ ਉਹ ਆਪਣੀ ਭਗਤੀ ਇਸ ਤਰ੍ਹਾਂ ਖਤਮ ਕਰ ਲੈਂਦਾ ਹੈ।

**ਹਉ ਵਿਚਿ ਪਾਪ ਪੁੰਨ ਵੀਚਾਰੁ॥**

ਹਉਮੈ ਵਿੱਚ ਫਸ ਕੇ ਜੀਵ ਕਹਿੰਦਾ ਹੈ ਕਿ ਮੈਂ ਕੋਈ ਪਾਪ ਨਹੀਂ ਕੀਤਾ, ਮੈਂ ਪੁੰਨੀ ਹਾਂ। ਉਸ ਵਿੱਚ ਵੀ ਜੀਵ ਮਾਰ ਖਾ ਜਾਂਦਾ ਹੈ।

**ਹਉ ਵਿਚਿ ਨਰਕਿ ਸੁਰਗਿ ਅਵਤਾਰੁ॥**

ਇਸੇ ਹਉਮੈ ਕਾਰਨ ਹੀ ਸਵਰਗਾਂ ਦੇ ਵਾਸੀ ਵੀ ਨਰਕਾਂ ਵਿੱਚ ਜਾ ਕੇ ਆਪਣਾ ਜੀਵਨ ਬਤੀਤ ਕਰਦੇ ਹਨ।

**ਹਉ ਵਿਚਿ ਹਸੈ ਹਉ ਵਿਚਿ ਰੋਵੈ ॥**

ਕਈ ਜੀਵ ਖੁਸ਼ੀ ਵਿੱਚ ਬੈਠੇ ਹੱਸ ਰਹੇ ਹੁੰਦੇ ਹਨ ਅਤੇ ਕਈ ਦਫ਼ਾ ਰੋ ਰਹੇ ਹੁੰਦੇ ਹਨ। ਕਈ ਜੀਵ ਬੱਚਿਆਂ ਵਾਸਤੇ ਬਹੁਤ ਕੁਝ ਕਰਦੇ ਹਨ ਪਰ ਬੱਚੇ ਬਾਅਦ ਵਿੱਚ ਉਹਨਾਂ ਨੂੰ ਪੁੱਛਦੇ ਹੀ ਨਹੀਂ ਹਨ। ਸਾਡੇ ਨੇੜੇ ਭਾਮ ਪਿੰਡ ਤੋਂ ਸ. ਗੁਰਬਚਨ ਸਿੰਘ ਵਕੀਲ ਸਨ। ਉਹ ਜ਼ੈਲਦਾਰ ਪਰਿਵਾਰ 'ਚੋਂ ਸਨ। ਉਸ ਨੇ ਆਪਣੇ ਬੱਚੇ ਬਹੁਤ ਪੜ੍ਹਾਏ। ਉਹ ਬੱਚੇ ਡਾਕਟਰ, ਇੰਜਨੀਅਰ ਬਣ ਕੇ ਅਮਰੀਕਾ ਚਲੇ ਗਏ। ਉਸ ਨੂੰ ਦਿਮਾਗੀ ਨੁਕਸ ਹੋ ਗਿਆ ਕਿ ਮੈਂ ਬੜਾ ਬੇਵਕੂਫ਼ ਰਿਹਾ ਹਾਂ। ਬੱਚੇ ਪੜ੍ਹਾ ਕੇ ਬਾਹਰ ਭੇਜ ਦਿੱਤੇ ਹਨ। ਮੇਰੇ ਕੋਲ ਪਾਣੀ ਪੁੱਛਣ ਵਾਲਾ ਵੀ ਕੋਈ ਨਹੀਂ ਰਿਹਾ ਜਾਂ ਬੋਲਣ ਵਾਲਾ ਕੋਈ ਨਹੀਂ ਹੈ। ਉਸ ਵਕਤ ਉਹਨਾਂ ਭਲਿਆਂ ਸਮਿਆਂ ਵਿੱਚ ਉਸ ਕੋਲ ਕਾਰ ਹੁੰਦੀ ਸੀ। ਉਸ ਨੇ ਜਿੱਥੇ ਵੀ ਜਾਣਾ, ਗੱਡੀ ਵਿੱਚ ਜਾਣਾ ਅਤੇ ਲੋਕਾਂ ਨੂੰ ਕਹਿਣਾ ਕਿ "ਲੋਕੋ ਮੇਰੀ ਗੱਲ ਸੁਣੋ। ਤੁਸੀਂ ਮੇਰੇ ਵਾਲੀ ਬੇਵਕੂਫ਼ੀ ਨਾ ਕਰਿਉ। ਬੱਚਿਆਂ ਨੂੰ ਐਨਾ ਜਿਆਦਾ ਨਾ ਪੜ੍ਹਾਇਉ ਕਿ ਉਹ ਕਨੇਡਾ, ਅਮਰੀਕਾ, ਇੰਗਲੈਂਡ ਚਲੇ ਜਾਣ। ਹੁਣ ਮੈਂ ਪੜ੍ਹਾਏ ਸਨ ਅਤੇ ਘਰ ਵਿੱਚ ਮੇਰੇ ਨਾਲ ਬੋਲਣ ਵਾਲਾ ਜਾਂ ਪਾਣੀ ਪਿਆਉਣ ਵਾਲਾ ਕੋਈ ਨਹੀਂ ਹੈ। ਇਸ ਕਰਕੇ ਮੇਰੇ ਨਾਲ ਵਾਅਦਾ ਕਰੋ ਕਿ ਤੁਸੀਂ ਬੱਚੇ ਨਹੀਂ ਪੜਾਉਗੇ।" ਅਸੀਂ ਤੁਹਾਨੂੰ ਹਮੇਸ਼ਾ ਕਹਿੰਦੇ ਹਾਂ ਕਿ ਬੱਚਿਆਂ ਨੂੰ ਪੜਾਉ ਪਰ ਉਹ ਰੌਲਾ ਪਾਉਂਦਾ ਸੀ ਕਿ ਬੱਚਿਆਂ ਨੂੰ ਨਾ ਪੜਾਉ। ਕਿਉਂਕਿ ਉਸ ਦੇ ਦਿਲ ਵਿੱਚ ਹਉਮੈਂ ਸੀ ਕਿ ਬੱਚੇ ਮੈਂ ਪੜ੍ਹਾਏ ਹਨ, ਮੈਂ ਆਹ ਕੰਮ ਕੀਤਾ ਹੈ। ਉਸ ਵਿੱਚ ਤੁਸੀਂ ਬੱਚਿਆਂ ਤੋਂ ਰੀਟਰਨ ਮੰਗਦੇ ਹੋ। ਜਦੋਂ ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ, ਕੰਮਾ ਤੇ ਲਗਵਾ ਕੇ ਉਹਨਾਂ ਤੋਂ ਆਸ ਰਖੋਗੇ ਕਿ ਅਸੀਂ ਇਹਨਾਂ ਨੂੰ ਪੜ੍ਹਾਇਆ ਹੈ। ਇਹ ਸਾਡੇ ਲਈ ਆਹ ਕਰਨਗੇ ਫੇਰ ਉਦੋਂ ਤੁਸੀਂ ਮਾਰ ਖਾ ਜਾਉਗੇ। ਤੁਹਾਨੂੰ ਹਾਰਟ ਅਟੈਕ ਹੋ ਜਾਵੇਗਾ। ਚਾਹੀਦਾ ਇਹ ਹੈ ਕਿ ਤੁਸੀਂ ਆਪਣਾ ਇਹ ਫਰਜ ਸਮਝੋ ਕਿ ਮਾਤਾ-ਪਿਤਾ ਹੋਣ ਤੇ ਨਾਤੇ ਮੇਰਾ ਇਹ ਫਰਜ ਬਣਦਾ ਸੀ। ਇਹ ਸੋਚੋ ਕਿ ਸਾਡੇ ਵੱਡਿਆ ਨੇ ਸਾਡੀ ਪੜ੍ਹਾਈ ਅਤੇ ਪਰਵਰਿਸ਼ ਲਈ ਬਹੁਤ ਕੁਝ ਕੀਤਾ ਸੀ ਅਸੀਂ ਆਪਣੇ ਬੱਚਿਆਂ ਲਈ ਕਰ ਰਹੇ ਹਾਂ। ਅੱਗੋਂ ਇਹਨਾਂ ਨੇ ਆਪਣੇ ਬੱਚਿਆਂ ਲਈ ਕਰਨਾ ਹੈ। ਅਗਰ ਅਸੀਂ ਇੱਕ ਫਰਜ ਸਮਝ ਕੇ ਕੰਮ ਕਰਾਂਗੇ ਫੇਰ ਸਾਡੇ ਵਿੱਚ ਹਉਮੈ ਨਹੀਂ ਆਵੇਗੀ। ਜਦੋਂ ਅਸੀ ਕਹਿੰਦੇ ਹਾਂ ਕਿ ਮੈਂ ਆਹ ਕੀਤਾ ਹੈ ਉਦੋਂ ਮਾਰ ਖਾ ਜਾਂਦੇ ਹਾਂ।

**ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਪਾਣੀ ਦਾ ਟੱਬ ਭਰ ਲਈਦਾ ਹੈ ਅਤੇ ਕੱਪਾਂ ਨਾਲ ਪਾ ਪਾ ਕੇ ਪੈਰ ਧੋਈ ਜਾਈਦੇ ਹਨ। ਕਈ ਪਰਿਵਾਰਾਂ ਦੇ ਜੀਵ ਇੱਕ ਛੋਟੇ ਜਿਹੇ ਪਾਣੀ ਦੇ ਟੱਬ ਨਾਲ ਨਹਾ ਲੈਂਦੇ ਹਨ ਅਤੇ ਕਈ ਜੀਵ ਐਸੇ ਹਨ ਜਿਹਨਾਂ ਨੂੰ ਇਕੱਲੇ-ਇੱਕਲੇ ਨੂੰ ਕਈ-ਕਈ ਟੱਬ ਚਾਹੀਦੇ ਹਨ। ਉਹ ਪਾਣੀ ਦੇ ਕੱਪ ਭਰ-ਭਰ ਕੇ ਉੱਪਰ ਡੋਹਲੀ ਜਾਂਦੇ ਹਨ। ਅਸੀਂ ਪੁੱਛਦੇ ਹਾਂ ਕਿ ਜੋ ਐਨੇ ਕੱਪ ਭਰ ਕੇ ਪਿੰਡੇ ਉੱਪਰ ਸੁੱਟੇ ਹਨ ਕੀ ਇਹ ਪਿੰਡੇ ਵਿੱਚ ਵੜ ਜਾਣਗੇ ? ਪਾਣੀ ਨੇ ਅੰਦਰ ਤਾਂ ਵੜਨਾ ਨਹੀਂ ਹੈ ਇਸ ਕਰਕੇ ਥੋੜਾ ਪਾਣੀ ਪਾ ਲਿਆ ਕਰੋ। ਇਹ ਜੀਵ ਕਹਿੰਦੇ ਹਨ ਕਿ ਇਹ ਵੀ ਕੋਈ ਨਹਾਉਣ ਹੋਇਆ ਕਿ ਗੁਸਲਖਾਨੇ ਦੇ ਅੰਦਰ ਵੜੇ ਅਤੇ ਉੱਠ ਕੇ ਬਾਹਰ ਆ ਗਏ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਹਉਮੈਂ ਵਿੱਚ ਹੀ ਬਾਲਟੀਆਂ ਅਤੇ ਟੱਬ ਭਰੀ ਜਾਂਦਾ ਹੈ ਅਤੇ ਹਉਮੈਂ ਵਿੱਚ ਹੀ ਉੱਪਰ ਡੋਹਲੀ ਜਾਂਦਾ ਹੈ। ਜੀਵ ਨੂੰ ਪਾਣੀ ਦੀ ਬਚਤ ਕਰਨੀ ਚਾਹੀਦੀ ਹੈ। ਸਾਡੇ ਬਜ਼ੁਰਗ ਕਹਿੰਦੇ ਸਨ ਕਿ

*ਨਾਵ੍ਹੇ ਧੋਵੇ ਕੂਚੇ ਪੈਰ।*
*ਸਾਰਾ ਟੱਬਰ ਪੈ ਜਾਏ ਵੈਰ।*

ਜਿਹੜਾ ਜੀਵ ਜਿਆਦਾ ਸਮਾਂ ਬਾਥਰੂਮ ਵਿੱਚ ਲਾਉਂਦਾ ਸੀ ਉਸ ਨੂੰ ਚੰਗਾ ਨਹੀਂ ਸਨ ਸਮਝਦੇ ਕਿ ਦੇਖੋ ਉਹੋ ਸਮਾਂ ਹਲ ਵਾਹੁਣ ਦਾ ਹੈ ਉਸੇ ਸਮੇਂ ਇਹ ਪੈਰ ਧੋਈ ਜਾਂਦਾ ਹੈ। ਅੱਜ ਕੱਲ ਤਾਂ ਟੂਟੀਆਂ ਦਾ ਸਿਸਟਮ ਆ ਗਿਆ ਹੈ ਪਰ ਪਾਣੀ ਸਭ ਤੋਂ ਕੀਮਤੀ ਚੀਜ਼ ਹੈ। ਜਿਸ ਨੂੰ ਅਸੀ ਡੋਲਣ ਲੱਗੇ ਕੁੱਝ ਨਹੀਂ ਦੇਖਦੇ। ਟੱਬ ਭਰੇ ਹੁੰਦੇ ਹਨ ਫੇਰ ਵੀ ਉੱਪਰ ਟੂਟੀ ਚੱਲੀ ਜਾਂਦੀ ਹੈ। ਅਸੀਂ ਕਈ ਵਾਰ ਕਹਿੰਦੇ ਹਾਂ ਕਿ ਇੰਝ ਕੱਪੜੇ ਕਿਉਂ ਧੋਂਦੇ ਹੋ ? ਕੱਪੜਿਆਂ ਨੂੰ ਸਾਬਣ ਲਾ ਲਾ ਕੇ ਟੱਬ ਵਿੱਚ ਸੁੱਟੀ ਜਾਂਦੇ ਹਨ, ਪਾਣੀ ਉੱਪਰ ਚੱਲੀ ਜਾਂਦਾ ਹੈ। ਫੇਰ ਕਹਿੰਦੇ ਹਨ ਜੀ ਇੰਝ ਟੂਟੀ ਚੱਲੀ ਜਾਏ ਤਾਂ ਕੱਪੜੇ ਜ਼ਿਆਦਾ ਸਾਫ਼ ਹੁੰਦੇ ਹਨ। ਪਰ ਤੁਹਾਨੂੰ ਪਤਾ ਨਹੀਂ ਹੈ ਕਿ ਧਰਤੀ ਵਿੱਚੋਂ ਪਾਣੀ ਕੱਢ-ਕੱਢ ਕੇ ਅਸੀਂ ਧਰਤੀ ਨੂੰ ਬੰਜਰ ਬਣਾ ਰਹੇ ਹਾਂ। ਆਉਣ ਵਾਲੇ ਸਮੇਂ ਵਿੱਚ ਜੀਵਨ ਵਿੱਚ ਪਾਣੀ ਦੀ ਕਮੀ ਆਵੇਗੀ। ਕਿਉਂਕਿ ਅਸੀਂ ਪਾਣੀ ਦੀ ਕਦਰ ਨਹੀਂ ਕਰ ਰਹੇ ਹਾਂ।

1955-1956 ਵਿੱਚ ਟੈਟੂ ਸ਼ੋਅ ਹੋਇਆ। ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਟੀਮਾਂ ਨੇ ਆ ਕੇ ਮਿਸਾਲ ਸ਼ੋਅ ਅਤੇ ਪੀ. ਟੀ ਪਰੇਡ ਕੀਤੀ ਸੀ। ਸਾਡਾ ਛੇ ਫ਼ੁੱਟ ਕੱਦ ਹੋਣ ਕਾਰਨ ਸਾਨੂੰ ਵੀ ਉਸ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ ਸੀ ਇੱਥੇ ਜਲੰਧਰ ਹੀ ਪੀ. ਏ. ਪੀ ਗਰਾਉਂਡ ਵਿੱਚ ਮਿਸਾਲ ਸ਼ੋਅ ਅਤੇ ਪੀ. ਟੀ ਪਰੇਡ ਹੁੰਦੀ ਸੀ। ਉਸ ਵਿਚ ਰਾਜਸਥਾਨ ਪੁਲਿਸ ਦੇ ਜਵਾਨ ਵੀ ਆਏ ਸਨ। ਜਦੋਂ ਉਹ ਸਵੇਰੇ ਬਾਥਰੂਮ ਵਿੱਚ ਗਏ ਤਦ ਟੂਟੀਆਂ ਚਲਾ ਕੇ ਪਾਣੀ ਦਾ ਘੁੱਟ ਭਰ ਕੇ ਉਸੇ ਤਰ੍ਹਾਂ ਤੌਲੀਏ ਚੁੱਕ ਕੇ ਬਾਹਰ ਆ ਗਏ। ਸਾਡੇ ਪੁੱਛਣ ਤੇ ਉਹਨਾਂ ਨੇ ਕਿਹਾ ਕਿ ਉੱਥੇ ਤਾਂ ਪੀਣ ਵਾਲਾ ਪਾਣੀ ਹੈ, ਨਹਾਉਣ ਵਾਲਾ

ਪਾਣੀ ਕਿਥੇ ਹੈ ? ਅਸੀਂ ਕਿਹਾ ਇਹੋ ਪਾਣੀ ਪੀਣ ਵਾਲਾ ਅਤੇ ਨਹਾਉਣ ਵਾਲਾ ਹੈ। ਉਹ ਕਹਿਣ ਲੱਗੇ ਰਾਜਸਥਾਨ ਵਿਚ ਤਾਂ ਸਾਫ ਪਾਣੀ ਪੀਣ ਲਈ ਲੱਭਦਾ ਨਹੀਂ ਹੈ ਪਰ ਇੱਥੇ ਉਂਝ ਹੀ ਟੂਟੀਆਂ ਚੱਲ ਰਹੀਆਂ ਹਨ।

ਫੇਰ ਕੁਝ ਪਛੜੇ ਇਲਾਕਿਆਂ ਦੇ ਜੀਵ ਜਿਸ ਤਰ੍ਹਾਂ ਹਰਿਆਣੇ ਤੋਂ ਜੀਂਦ ਵੱਲ ਦੇ ਲੋਕ ਆਏ। ਜਦੋਂ ਉਹ ਲੰਗਰ ਵਿੱਚ ਰੋਟੀ ਖਾਣ ਗਏ ਉਦੋਂ ਹਰਿਆਣੇ ਦੇ ਡੀ. ਆਈ. ਜੀ ਚੌਧਰੀ ਰਾਮ ਸਿੰਘ ਹੁੰਦੇ ਸਨ। ਉਹਨਾਂ ਲਈ ਦਹੀਂ, ਦਾਲ, ਸਬਜੀ, ਪਨੀਰ ਦੀਆਂ ਕੌਲੀਆਂ ਰੱਖੀਆਂ ਅਤੇ ਪਲੇਟਾਂ ਲੈ ਕੇ ਬੈਠ ਗਏ। ਲੰਗਰ ਵਾਲਿਆਂ ਨੇ ਕਣਕ ਦੇ ਤੰਦੂਰੀ ਫੁਲਕੇ ਲਿਆ ਕੇ ਵਰਤਾ ਦਿੱਤੇ ! ਤਦ ਉਹ ਉੱਠ ਕੇ ਤੁਰ ਪਏ। ਜਦੋਂ ਪੁੱਛਿਆ ਕਿਉਂ ਜਾ ਰਹੇ ਹੋ ? ਤਦ ਉਹਨਾਂ ਨੇ ਉੱਤਰ ਦਿੱਤਾ ਕਿ ਇਹ ਤਾਂ ਬਟੇਊਆਂ ਦਾ ਖਾਣਾ ਹੈ। ਹਰਿਆਣੇ ਵਿੱਚ ਜਵਾਈ ਨੂੰ ਬਟੇਊ ਕਹਿੰਦੇ ਹਨ। ਹਰਿਆਣੇ ਵਿੱਚ ਜਵਾਈਆਂ ਨੂੰ ਕਣਕ ਦੀ ਰੋਟੀ ਦਿੰਦੇ ਸਨ ਬਾਕੀ ਸਾਰੇ ਬਾਜਰਾ ਖਾਂਦੇ ਸਨ। ਅੱਜ ਕੱਲ ਹਜ਼ੂਰ ਦੀ ਬਹੁਤ ਬਖ਼ਸ਼ਿਸ਼ ਹੈ ਹਰਿਆਣੇ ਵਾਲੇ ਸਾਡੇ ਨਾਲੋਂ ਅੱਗੇ ਹਨ।

ਇਹ ਬਹੁਤ ਪਹਿਲਾਂ ਦੀ ਗੱਲ ਹੈ। ਕੋਈ ਹਰਿਆਣੇ ਦਾ ਜਾਟ ਸੀ ਉਹ ਦਿੱਲੀ ਗਿਆ। ਉਸ ਕੋਲ ਬਾਜਰੇ ਦੀ ਰੋਟੀ ਸੀ। ਸਟੇਸ਼ਨ ਕੇ ਬੈਠ ਕੇ ਖਾਣ ਲੱਗਾ ਤਾਂ ਰੋਟੀ ਸੁੱਕੀ ਹੋਈ ਸੀ। ਉਸ ਨੇ ਪਾਣੀ ਦਾ ਗਿਲਾਸ ਨਾਲ ਲਿਆ ਅਤੇ ਉਸ ਵਿਚ ਭਿਉਂਕੇ ਰੋਟੀ ਨੂੰ ਅੰਗੂਠੇ ਨਾਲ ਅੰਦਰ ਧੱਕ ਕੇ ਰੋਟੀ ਖਾਵੇ। ਕਿਸੇ ਨੇ ਕਿਹਾ ਚੌਧਰੀ ਸਾਹਿਬ ! ਇੱਥੇ ਆ ਕੇ ਤਾਂ ਵਧੀਆ ਰੋਟੀ ਲੈ ਲੈਣੀ ਸੀ। ਉਹ ਕਹਿਣ ਲੱਗਾ, ਦੇਖਨੇ ਵਾਲਾ ਜਲਾ ਕਰੇ ਯਾਰ ਤੋ ਯੂੰ ਹੀ ਗੁਲਸ਼ੱਰ੍ਹੇ ਉਡਾਏਂਗੇ। ਉਹ ਬਾਜਰੇ ਕੀ ਰੋਟੀ ਨੂੰ ਗੁਲਸ਼ਰ੍ਹੇ ਉਡਾਉਣਾ ਕਹਿੰਦੇ ਸੀ- ਅਰਥਾਤ ਬਹੁਤ ਖੁਸ਼ੀ ਦਾ ਖਾਣਾ। ਉਸੇ ਦੀ ਹੀ ਚੂਰੀ ਕੁੱਟ ਕੇ ਖਾ ਲੈਂਦੇ ਸੀ। ਸੋਈ ਕਿਸੇ ਨੂੰ ਕਦਰ ਹੀ ਨਹੀਂ ਹੈ ਕਿ ਮਾਲਿਕ ਨੇ ਸਾਨੂੰ ਜੋ ਬਖ਼ਸ਼ਿਆ ਹੈ ਉਹ ਕੀ ਹੈ।

ਜਦੋਂ ਪਾਕਿਸਤਾਨ ਨਾਲ ਜੰਗ ਹੋਇਆ ਸੀ ਅਸੀਂ ਵਲੰਟੀਅਰ ਹੋ ਕੇ ਦਾਤੀ ਵਾੜਾ ਰਣ ਕੱਛ ਗਏ ਸੀ। ਉਦੋਂ ਅਸੀਂ ਸਬ- ਇੰਸਪੈਕਟਰ ਸੀ। ਸਾਨੂੰ ਦਿਹਾੜੀ ਦਾ ਇੱਕ ਪੀਪਾ ਪਾਣੀ ਦਾ ਮਿਲਦਾ ਸੀ। ਨਹਾਉਣ ਲਈ ਇੱਕ ਛੋਟਾ ਜਿਹਾ ਬਰਤਨ ਮਿਲਦਾ ਸੀ। ਬਾਕੀ ਦੋ ਅਫਸਰਾਂ ਨੂੰ ਦਿਨ ਦਾ ਇੱਕ ਪੀਪਾ ਪਾਣੀ ਦਾ ਮਿਲਦਾ ਸੀ। ਚਾਹੇ ਉਸ ਨਾਲ ਬੁਰਸ਼ ਕਰ ਲਵੋ ਜਾਂ ਪੀ ਲਵੋ। ਇੱਕ ਜਣੇ ਨੂੰ ਦਿਨ ਦਾ ਅੱਠ ਕਿਲੋ ਪਾਣੀ ਮਿਲਦਾ ਸੀ। ਉਸ ਨੂੰ ਵੀ ਬਚਾ-ਬਚਾ ਕੇ ਰੱਖਣਾ ਅਤੇ ਜਿਸ ਦਿਨ ਪਾਣੀ ਦਾ ਟੈਂਕਰ ਨਾ ਆਉਣਾ ਉਸੇ ਨਾਲ ਗੁਜਾਰਾ ਕਰਨਾ। ਉੱਥੇ ਦਾਤੀ ਵਾੜਾ ਝੀਲ ਸੀ ਜੋ ਕਿ ਅਠਾਰਾਂ ਉੱਨੀ ਕਿਲੋਮੀਟਰ ਦੂਰ ਸੀ। ਜਦੋਂ ਨਹਾਉਣ ਲਈ ਪਾਣੀ ਨਾ ਮਿਲਣਾ ਉਦੋਂ ਸਵੇਰੇ ਦੌੜ ਕੇ ਉਸ ਝੀਲ 'ਤੇ ਜਾ ਕੇ ਨਹਾ ਕੇ ਵਾਪਸ ਆਉਣਾ। ਹੁਣ ਜਿਹੜਾ ਜੀਵ ਨਹਾਉਣ ਲਈ ਦੌੜ ਕੇ ਅਠਾਰਾਂ ਕਿਲੋਮੀਟਰ ਜਾਂਦਾ ਹੈ ਉਸ ਨੂੰ ਪਾਣੀ ਦੀ ਕਦਰ ਕਿਵੇਂ ਨਹੀਂ ਹੋਵੇਗੀ ? ਅਸੀਂ ਕਹਿੰਦੇ ਹਾਂ ਕਿ ਜਿੰਨੇ ਵੀ ਬਾਬੇ, ਸੰਤ, ਮਹਾਤਮਾ ਹਨ ਉਹਨਾਂ ਨੇ ਨੌਕਰੀ ਜਰੂਰ ਕੀਤੀ ਹੋਣੀ ਚਾਹੀਦੀ ਹੈ ਤਾਂ ਕਿ ਉਹਨਾਂ ਨੂੰ ਪਤਾ ਹੋਵੇ ਕਿ ਨੌਕਰੀ ਵਾਲਿਆਂ ਨੂੰ ਕੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਸੁਬਾਰਡੀਨੇਟਸ ਨੂੰ ਕੀ ਤੰਗੀ ਆਉਂਦੀ ਹੈ। ਵਰਨਾ ਕਹਿੰਦੇ ਹਨ ਸਤਿਨਾਮੁ ਕਹੋ, ਵਾਹਿਗੁਰੂ ਕਹੋ, ਮਾੜਾ ਸਮਾਂ ਆਇਆ ਹੈ ਆਪੇ ਠੀਕ ਹੋ ਜਾਵੇਗਾ। ਜਦੋਂ ਜੀਵ ਮੁਸ਼ਕਲ ਵਿੱਚ ਹੋਵੇ ਉਸ ਦੇ ਮੂੰਹੋਂ ਸਤਿਨਾਮੁ ਵਾਹਿਗੁਰੂ ਵੀ ਨਹੀਂ ਨਿਕਲਦਾ। ਸੋਈ

*ਤੰਦਰੁਸਤ ਨੂੰ ਸਾਰ ਕੀ ਦੁੱਖੜੇ ਕੀ*
*ਦੁੱਖ ਪੁੱਛ ਲੈ ਕਿਸੇ ਬਿਮਾਰ ਕੋਲੋਂ।*

ਜਦੋਂ ਤੱਕ ਸਾਨੂੰ ਕਿਸੇ ਚੀਜ ਦੀ ਕਦਰ ਨਹੀਂ ਹੁੰਦੀ ਤਦ ਤੱਕ ਸਾਨੂੰ ਉਸ ਅਕਾਲ ਪੁਰਖ ਵਾਹਿਗੁਰੂ ਦੁਆਰਾ ਬਖ਼ਸ਼ੇ ਧੀਆਂ, ਪੁੱਤਰ, ਘਰ, ਬਾਹਰ ਦੀ ਕਦਰ ਨਹੀਂ ਹੋ ਸਕਦੀ। ਜਿਸ ਨੂੰ ਔਖੇ ਹੋ ਕੇ ਕੁਝ ਮਿਲਦਾ ਹੈ ਉਸੇ ਨੂੰ ਇਹਨਾਂ ਚੀਜਾਂ ਦੀ ਕਦਰ ਹੁੰਦੀ ਹੈ।

### ਹਉ ਵਿਚਿ ਜਾਤੀ ਜਿਨਸੀ ਖੋਵੈ ॥

ਅਸੀਂ ਜੱਟ ਹੁੰਦੇ ਹਾਂ, ਰਿਆੜ ਹੁੰਦੇ ਹਾਂ, ਬਰਾੜ, ਗਿੱਲ, ਸੰਧੂ ਹੁੰਦੇ ਹਾਂ। ਕਿਤੇ ਚਾਰ ਪੰਜ ਜੱਟ ਮੰਜੀ ਉੱਪਰ ਬੈਠੇ ਸਨ। ਕਿਸੇ ਨੇ ਪੁੱਛਿਆ ਕਿ ਤੁਹਾਡੇ ਵਿਚੋਂ ਰਿਆੜ ਜਾਂ ਬਰਾੜ, ਜਾਂ ਸੰਧੂ ਜਾਂ ਗਿੱਲ ਕੌਣ ਵੱਡੇ ਹਨ ? ਜਦੋਂ ਪੁੱਛਿਆ ਗਿਆ ਤਾਂ ਜਿਹੜਾ ਗਿੱਲ ਸੀ ਉਹ ਮੰਜੇ ਉਪਰੋਂ ਉੱਠ ਕੇ ਪਾਵੇ ਉੱਪਰ ਬੈਠ ਗਿਆ ਅਤੇ ਕਹਿਣ ਲਗਾ

*ਸੰਧੂ ਸਿੱਧੂ ਇੱਕ ਬਰਾਬਰ*
*ਗਿੱਲ ਥੋਹੜੇ ਜਿਹੇ ਉੱਚੇ।*

ਜਿੰਨੇ ਵੀ ਜੀਵ ਬੈਠੇ ਹੁੰਦੇ ਹਨ ਸਾਰੇ ਹੀ ਕਹਿੰਦੇ ਹਨ ਕਿ ਅਸੀਂ ਵੱਡੇ ਹਾਂ। ਕੋਈ ਕਹਿੰਦਾ ਹੈ ਕਿ ਚੀਮੇ ਵੱਡੇ ਹਨ, ਕੋਈ ਕਹਿੰਦਾ ਹੈ ਕਿ ਢਿੱਲੋਂ ਵੱਡੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਰੇ ਹਉਮੈਂ ਵਿੱਚ ਹੀ ਬਰਾਦਰੀਆਂ ਵਿੱਚ ਵੱਡੇ ਹੋਏ ਫਿਰਦੇ ਹਨ। ਸੰਤਾਂ ਨੇ ਫ਼ੁਰਮਾਨ ਕੀਤਾ ਹੈ ਕਿ

*ਵਡੇ-ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥੧॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥੧॥ (ਅੰਗ 188)*

ਗੁਰਬਾਣੀ ਅਨੁਸਾਰ ਉਹ ਵੱਡਾ ਹੈ ਜਿਸ ਨੇ ਹਰੀ ਨਾਲ ਲਿਵ ਲਾਈ ਹੈ, ਜਿਹੜਾ ਸਿਮਰਨ ਕਰਦਾ ਹੈ।

**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥**

**ਮੋਖ ਮੁਕਤਿ ਕੀ ਸਾਰ ਨ ਜਾਣਾ॥**

ਕਈ ਵਾਰ ਜੀਵ ਹਉਮੈਂ ਵਿੱਚ ਹੀ ਆ ਕੇ ਆਪਣੀ ਚੰਗੀ ਭਲੀ ਬਣੀ ਟੌਹਰ ਵੀ ਗੁਆ ਬੈਠਦਾ ਹੈ। ਕਿਸੇ ਪਰਿਵਾਰ ਦੇ ਸਾਰੇ ਲੜਕੇ ਟੇਢਾ ਮੇਢਾ ਬੋਲਦੇ ਸੀ। ਉਹਨਾਂ ਨੂੰ ਕੁੜੀ ਵਾਲਿਆਂ ਨੇ ਵੇਖਣ ਆਉਣਾ ਸੀ। ਵਿਚੋਲਾ ਕਹਿਣ ਲੱਗਾ ਤੁਸੀਂ ਬੱਚਿਆਂ ਨੂੰ ਚੁੱਪ ਕਰਾ ਕੇ ਬਿਠਾਈ ਰੱਖਿਉ ਮੈਂ ਰਿਸ਼ਤਾ ਆਪਣੇ ਆਪ ਕਰਵਾ ਦੇਣਾ ਹੈ। ਐਸੀ ਬਦਕਿਸਮਤੀ ਹੋਈ ਜਦੋਂ ਲੜਕੀ ਵਾਲੇ ਦੇਖਣ ਆਏ ਤਾਂ ਉੱਥੇ ਕਿਤੇ ਮਿੱਠੀ ਚੀਜ ਡਿੱਗੀ ਹੋਵੇਗੀ ਉੱਧਰ ਨੂੰ ਕਾਢੇ (ਕੀੜੇ) ਆ ਗਏ। ਇੱਕ ਲੜਕਾ ਕਹਿਣ ਲੱਗਾ ਮਾਂ ਟੀੜੀ, ਟੀੜੀ, ਟੀੜੀ। ਦੂਜਾ ਕਹਿਣ ਲੱਗਾ ਮਾਂ ਟਾਢਾ, ਟਾਢਾ, ਟਾਢਾ। ਤੀਜਾ ਕਹਿਣ ਲੱਗਾ ਮਾਂ ਢੱਟ ਮਢੌੜਾ,ਢੱਟ ਮਢੌੜਾ,ਢੱਟ ਮਢੌੜਾ। ਉਹ ਸੋਚਣ ਲੱਗੇ ਔਹ ਜਿਹੜਾ ਇੱਕ ਬੱਚਾ ਬੈਠਾ ਹੈ ਉਹ ਠੀਕ ਹੋਵੇਗਾ ਉਸ ਨੂੰ ਰਿਸ਼ਤਾ ਕਰ ਦਿੰਦੇ ਹਾਂ। ਉਹ ਲੜਕਾ ਵੀ ਬੋਲ ਪਿਆ ਅਤੇ ਕਹਿਣ ਲੱਗਾ ਮਾਂ! ਮੈਂ ਤੇ ਨਹੀਂ ਟੁਇਆ! ਉਹ ਕਹਿਣ ਲੱਗੀ ਸ਼ਾਬਾਸ਼ ਪੁੱਤਰ! ਤੂੰ ਉਹਨਾਂ ਤੋਂ ਵੀ ਵੱਧ ਕੀਤਾ ਈ। ਸੋਈ ਕਈ ਵਾਰ ਜੀਵ ਚੁੱਪ ਕਰਕੇ ਬੈਠਾ ਰਹੇ ਤਾਂ ਗੱਲ ਬਣ ਜਾਂਦੀ ਹੈ। ਪਰ ਉਹ ਬੋਲ ਕੇ ਆਪਣਾ ਕੰਮ ਵਿਗਾੜ ਲੈਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਇੱਕ ਵਾਰ ਕਿਹਾ ਕਿ ਜਿਸ ਜੁਆਨ ਦੀ ਦਸਤਾਰ ਵਧੀਆ ਹੋਵੇਗੀ ਅਸੀਂ ਉਸ ਨੂੰ ਇਨਾਮ ਦੇਣਾ ਹੈ। ਇੱਕ ਫੌਜੀ ਨੇ ਬਹੁਤ ਵਧੀਆ ਦਸਤਾਰ ਬੱਧੀ ਸੀ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ " ਸ਼ਾਬਾਸ਼! ਇਸਦੀ ਦਸਤਾਰ ਬਹੁਤ ਵਧੀਆ ਹੈ। ਇਸ ਨੂੰ ਫਲ੍ਹਾਣੇ ਚੱਕ ਦੀ ਜਮੀਨ ਜਾਗੀਰ ਵਜੋਂ ਦੇ ਦਿੱਤੀ ਜਾਵੇ।" ਉਹ ਫੌਜੀ ਕਹਿਣ ਲੱਗਾ ਮਹਾਰਾਜਾ ਸਾਹਿਬ! ਅਜੇ ਤਾਂ ਮੈਂ ਪੱਗ ਕੱਲ ਦੀ ਬੱਧੀ ਹੋਈ ਸੀ ਅਗਰ ਅੱਜ ਬੰਨ ਲੈਂਦਾ ਫੇਰ ਹੋਰ ਵੀ ਵਧੀਆ ਹੋਣੀ ਸੀ। ਮਹਾਰਾਜਾ ਨੇ ਹੁਕਮ ਦਿੱਤਾ ਕਿ ਇਸ ਫੌਜੀ ਨੂੰ ਹਵਾਲਾਤ ਦੇ ਵਿੱਚ ਦੇ ਦਿਉ। ਇਹ ਕਾਹਦਾ ਸਿੱਖ ਹੈ ਜੋ ਆਪਣੀ ਪੱਗ ਰੋਜ ਨਹੀਂ ਬੰਨ੍ਹਦਾ। ਅਗਰ ਉਹ ਫੌਜੀ ਚੁੱਪ ਕੀਤਾ ਰਹਿੰਦਾ ਤਦ ਨਾਲੇ ਉਸ ਨੂੰ ਜਾਗੀਰ ਮਿਲ ਜਾਣੀ ਸੀ, ਨਾਲੇ ਸ਼ਾਬਾਸ਼ ਮਿਲੀ ਸੀ। ਕਈ ਵਾਰ ਜੀਵ ਬੋਲ ਕੇ ਆਪਣਾ ਕੰਮ ਵਿਗਾੜ ਲੈਂਦਾ ਹੈ। ਸਿਆਣਿਆਂ ਦੇ ਕਥਨ ਹਨ ਕਿ

Think before you speak

look before you leap.

ਬੋਲਣ ਤੋਂ ਪਹਿਲਾਂ ਸੋਚੋ ਕਿ ਇਹ ਜੁਬਾਨ ਕਿਤੇ ਮੈਨੂੰ ਇੱਥੋਂ ਕੱਢਾ ਨਾ ਦੇਵੇ। ਅਤੇ ਛਲਾਂਗ ਲਗਾਉਣ ਲੱਗਿਆ ਦੇਖੋ ਕਿ ਮੈਂ ਜਿੱਥੇ ਛਲਾਂਗ ਲਗਾਉਣ ਲੱਗਾ ਹਾਂ ਉੱਥੇ ਅੱਗੇ ਟੋਆ ਜਾਂ ਖੂਹ ਤਾਂ ਨਹੀਂ ਹੈ। ਇਸ ਕਰਕੇ ਅਸੀਂ ਬਹੁਤੀ ਵਾਰ ਹਉਮੈ ਵਿੱਚ ਬੋਲ ਕੇ ਹੀ ਕੰਮ ਵਿਗਾੜ ਲੈਂਦੇ ਹਾਂ।

*ਬੋਲੀ ਕਾਜ ਵਿਗਾੜਿਆ ਸਣ ਮੂਲੀ ਪੱਤਾ ਈ।*

*ਸੌ ਮਣਾਂ ਦੁੱਧ ਨੂੰ ਸਰਸਾਈ ਖੱਟਾ ਈ।*

**ਹਉ ਵਿਚਿ ਮਾਇਆ ਹਉ ਵਿਚਿ ਛਾਇਆ।**

**ਹਉਮੈ ਕਰਿ ਕਰਿ ਜੰਤ ਉਪਾਇਆ॥**

ਕਈ ਜੀਵ ਆਪਣੀਆਂ ਹੀ ਸਿਫ਼ਤਾਂ ਕਰੀ ਜਾਂਦੇ ਰਹਿੰਦੇ ਹਨ। ਕੋਈ ਜੀਵ ਕਿਸੇ ਦੋਸਤ ਦੇ ਘਰ ਗਿਆ। ਜਿਸ ਦੋਸਤ ਦੇ ਘਰ ਗਿਆ ਉਸ ਨੂੰ ਪਤਾ ਸੀ ਕਿ ਇਹ ਮੇਰਾ ਦੋਸਤ ਵਡਿਆਈ ਦਾ ਭੁੱਖਾ ਹੈ। ਖਾਣਾ-ਖਾਣ ਲੱਗਿਆਂ ਮੇਜ਼ਬਾਨ ਨੇ ਸੋਚਿਆ ਕਿ ਖਾਣਾ ਬਹੁਤ ਸੁਆਦ ਹੈ ਇਹ ਮੇਰੇ ਨਾਲੋਂ ਵੱਧ ਖਾ ਜਾਵੇਗਾ। ਉਸ ਨੇ ਆਪਣੇ ਦੋਸਤ ਨੂੰ ਕਿਹਾ ਕਿ ਸੁਣਿਆ ਹੈ ਤੇਰਾ ਬਾਪੂ ਇਲਾਕੇ ਵਿੱਚ ਬਹੁਤ ਪ੍ਰਸਿੱਧ ਸੀ। ਉਹ ਰੋਣ ਲੱਗ ਪਿਆ ਕਿ ਮੇਰਾ ਬਾਪੂ ਕੀ ਮਰ ਗਿਆ ਅਸੀਂ ਸਾਰੇ ਹੀ ਮਰ ਗਏ ਹਾਂ। ਇਲਾਕੇ ਵਿੱਚ ਸਾਡੀ ਚੌਧਰ ਜਾਂਦੀ ਰਹੀ ਹੈ। ਬਾਪੂ ਦੇ ਹੁੰਦਿਆਂ ਲੋਕ ਸਾਨੂੰ ਸਲਾਮਾਂ ਕਰਦੇ ਸੀ ਹੁਣ ਪੁੱਛਦੇ ਵੀ ਨਹੀਂ ਹਨ। ਉਹ ਬਾਪੂ ਦੀਆਂ ਗੱਲਾਂ ਕਰਕੇ ਰੋਈ ਗਿਆ। ਮੇਜ਼ਬਾਨ ਆਰਾਮ ਨਾਲ ਰੋਟੀ ਖਾਈ ਗਿਆ। ਉਸ ਜੀਵ ਨੂੰ ਬਹੁਤ ਗੁੱਸਾ ਆਇਆ ਕਿ ਮੈਨੂੰ ਬਾਪੂ ਦੀਆਂ ਗੱਲਾਂ ਵੱਲ ਲਾ ਕੇ ਇਹ ਸਭ ਕੁਝ ਖਾ ਗਿਆ ਹੈ। ਜਿਹੜੇ ਦੋ ਜੀਵ ਨਾਲ ਆਏ ਸਨ ਉਹ ਵੀ ਖਾ ਗਏ ਹਨ ਅਤੇ ਮੈਂ ਭੁੱਖਾ ਹੀ ਰਹਿ ਗਿਆ।" ਫੇਰ ਇੱਕ ਦਿਨ ਉਸ ਜੀਵ ਨੇ ਆਪਣੇ ਘਰ ਪਾਰਟੀ ਤੇ ਆਪਣੇ ਉਸ ਦੋਸਤ ਨੂੰ ਸੱਦ ਲਿਆ ਅਤੇ ਸੋਚਣ ਲੱਗਾ ਕਿ ਅੱਜ ਮੈਂ ਵੀ ਗੱਲੀਂ ਲਾ ਕੇ ਸਾਰਾ ਖਾਣਾ ਖਾਵਾਂਗਾ। ਉਸ ਨੇ ਰੋਟੀ ਖਾਣ ਲੱਗਿਆਂ ਕਿਹਾ ਯਾਰ! ਤੇਰੇ ਬਾਪੂ ਨੂੰ ਤਾਂ ਇਲਾਕੇ ਵਿੱਚ ਹਾਕਮ ਮੰਨਦੇ ਸੀ। ਉਸ ਨੇ ਅੱਗਿਉਂ ਉੱਤਰ ਦਿੱਤਾ ਕਿ ਮੇਰੇ ਬਾਪੂ ਨੂੰ ਹਾਕਮ ਮੰਨਦੇ ਸੀ ਕਿਉਂਕਿ ਮੇਰਾ ਬਾਪੂ ਬਹੁਤ ਸਿਆਣਾ ਸੀ। ਉਹ ਕਹਿੰਦਾ ਹੁੰਦਾ ਸੀ ਪੁੱਤਰਾ! ਖਾਣਾ ਖਾਣ ਲੱਗਿਆਂ ਗੱਲ ਨਹੀਂ ਕਰੀਦੀ। ਜਦੋਂ ਖਾਣਾ ਖਾ ਲਵੋਗੇ ਫੇਰ ਗੱਲ ਕਰਿਉ। ਸੋਈ ਜੀਵ ਨੂੰ ਅਕਲ ਨੂੰ ਵਰਤਣ ਦੀ ਲੋੜ ਹੁੰਦੀ ਹੈ। ਕਈ ਜੀਵ ਹਉਮੈ ਵਿੱਚ ਹੀ ਭੁੱਖੇ ਰਹਿ ਜਾਂਦੇ ਹਨ। ਕਈ ਜੀਵ ਕਿਤੇ ਜਾ ਕੇ ਕਹਿੰਦੇ ਹਨ ਕਿ ਖਾਣਾ ਨਹੀਂ ਖਾਣਾ ਕਿਉਂਕਿ ਮੈਂ ਖਾ ਕੇ ਆਇਆ ਹਾਂ। ਅੱਗੋਂ ਘਰਵਾਲੇ ਦੁਬਾਰਾ ਪੁੱਛਦੇ ਨਹੀਂ ਹਨ ਅਤੇ ਉਹ ਰਾਤ ਨੂੰ ਭੁੱਖਾ ਪਿਆ ਸੋਚਦਾ ਰਹਿੰਦਾ ਹੈ ਕਿ ਐਵੇਂ ਹੀ ਕਹਿ ਦਿੱਤਾ ਕਿ ਖਾ ਕੇ ਆਏ ਹਾਂ। ਸੋਈ ਦੇਖੋ ਦੇਖੀ ਕਦੇ ਵੀ ਕੋਈ ਗੱਲ ਨਹੀਂ ਕਰਨੀ ਚਾਹੀਦੀ।

*ਦੇਖੋ ਦੇਖੀ ਭਗਤ ਕੋ ਕਭੀ ਨ ਚੜਸੀ ਰੰਗ।*

*ਬਿਪਤ ਪੜਤ ਪਰ ਪਰਖਸੀ ਉਹ ਭੌਰਾ ਉਹ ਭੁਚੰਗ।*

ਇਸ ਕਰਕੇ ਰੀਸ ਨਹੀਂ ਕਰਨੀ ਚਾਹੀਦੀ। ਆਪਣੀ ਅਕਲ ਨੂੰ, ਦਿਮਾਗ ਨੂੰ, ਕੰਨਾਂ ਨੂੰ, ਅੱਖਾਂ ਨੂੰ ਖੋਲ ਕੇ ਜੀਵਨ ਵਿੱਚ ਵਿਚਰਨਾ ਚਾਹੀਦਾ ਹੈ।

**ਹਉਮੈ ਬੁਝੈ ਤਾ ਦਰੁ ਸੂਝੈ ॥**

**ਗਿਆਨ ਵਿਹੂਣਾ ਕਥਿ ਕਥਿ ਲੂਝੈ ॥**

ਜਦੋਂ ਤੁਹਾਨੂੰ ਕੋਈ ਵਡਿਆਈ ਦੇਵੇ ਤਕ ਉੱਥੋ ਉੱਠ ਕੇ ਤੁਰ ਪਵੋ।

*ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥*

*ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥*

*(ਅੰਗ 808)*

ਅਗਰ ਤੁਹਾਡੀ ਕੋਈ ਵਡਿਆਈ ਕਰਦਾ ਹੈ ਤਦ ਉਸ ਨੂੰ ਅੱਗ ਵਿੱਚ ਪਾਉ। ਅਗਰ ਕੋਈ ਗੁਰੂ ਪਿਆਰਾ, ਪ੍ਰੀਤਮ ਮਿਲਦਾ ਹੈ ਤਦ ਗੁਰਬਾਣੀ ਦੇ ਬਚਨ ਕਰੋ। ਉਸ ਨੂੰ ਕਹੋ ਕਿ ਭਲਿਆ ਲੋਕਾਂ! ਤੂੰ ਸਤਿਨਾਮੁ ਕਹਿ, ਵਾਹਿਗੁਰੂ ਕਹਿ। ਤੂੰ ਮੇਰੀ ਵਡਿਆਈ ਕਿਉਂ ਸ਼ੁਰੂ ਕਰ ਦਿੱਤੀ ਹੈ। ਕੋਈ ਗੁਰਬਾਣੀ ਦਾ ਬਚਨ ਸੁਣਾ। ਪਰ ਕਈ ਜੀਵ ਵਡਿਆਈ ਸੁਣ ਕੇ ਚੋੜੇ ਹੁੰਦੇ ਜਾਂਦੇ ਹਨ। ਉਹਨਾਂ ਦੀ ਵਡਿਆਈ ਕਰਕੇ ਤੁਸੀਂ ਚਾਹੇ ਉਹਨਾਂ ਦੇ ਸਾਰੇ ਕੱਪੜੇ ਲੁਹਾ ਲਉ। ਕਿ ਬੱਲੇ, ਬੱਲੇ! ਇਹ ਬਹੁਤ ਦਾਨੀ ਹੈ। ਇਸ ਨੂੰ ਤਾਂ ਠੰਢ ਵੀ ਨਹੀਂ ਲੱਗਦੀ। ਇਸ ਨੇ ਮੈਨੂੰ ਗਰੀਬ ਨੂੰ ਹੁਣੇ ਆਪਣੀ ਲੋਈ ਉਤਾਰ ਕੇ ਦੇ ਦੇਣੀ ਹੈ। ਉਹ ਜੀਵ ਵਡਿਆਈ ਵਿੱਚ ਆ ਕੇ ਲੋਈ ਲਾਹ ਕੇ ਫੜਾ ਦਿੰਦਾ ਹੈ। ਇਸ ਕਰਕੇ ਅਗਰ ਕੋਈ ਜੀਵ ਤੁਹਾਡੀ ਸਿਫ਼ਤ ਕਰਦਾ ਹੈ ਤਦ ਉਸ ਨੂੰ ਕਹੋ ਕਿ ਭਲਿਆ ਲੋਕਾ! ਮੇਰੀ ਜਾਨ ਛੱਡ। ਅਗਰ ਤੂੰ ਕੋਈ ਗੱਲ ਕਰਨੀ ਹੈ ਤਾਂ ਉਸ ਮਾਲਿਕ ਦੇ ਨਾਮ ਦੀ ਕਰ।

**ਨਾਨਕ ਹੁਕਮੀ ਲਿਖੀਐ ਲੇਖੁ ॥**

**ਜੇਹਾ ਵੇਖਹਿ ਤੇਹਾ ਵੇਖੁ ॥੧॥**

ਹਜ਼ੂਰ ਨੇ ਤੁਹਾਨੂੰ ਅੱਖਾਂ ਬਖਸ਼ੀਆਂ ਹਨ ਇਸ ਕਰਕੇ ਵੇਖ ਕੇ ਕੰਮ ਕਰੋ। ਅਗਰ ਤੁਹਾਡੇ ਉੱਪਰ ਕੋਈ ਬਖਸ਼ਿਸ਼ ਹੈ ਉਹ ਮਾਲਿਕ ਦੀ ਕੀਤੀ ਹੋਈ ਹੈ। ਮਾਲਿਕ ਨੇ ਬਖਸ਼ਿਸ਼ ਕੀਤੀ ਹੈ ਤਦ ਬਖਸ਼ਿਸ਼ ਹੋਈ ਹੈ। ਇਸ ਕਰਕੇ ਜੀਵ ਨੂੰ ਬਹੁਤ ਹੀ ਸੁਚੇਤ ਹੋ ਕੇ ਵਿਚਰਨਾ ਚਾਹੀਦਾ ਹੈ।

# ਸਤਿਸੰਗ

**ਰਾਮਕਲੀ ਮਹਲਾ੧ ॥** **(ਅੰਗ 905)**

**ਅੰਤਰਿ ਉਤਭੁਜੁ ਅਵਰੁ ਨ ਕੋਈ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ! ਇਹ ਜੋ ਸ੍ਰਿਸ਼ਟੀ ਅਤੇ ਦੁਨੀਆਂ ਦੇਖ ਰਹੇ ਹੋ ਇਸ ਵਿਚ ਅਤੇ ਇਸ ਜੀਵ ਦੇ ਅੰਦਰ ਜੋ ਤਾਕਤ ਵੱਸ ਰਹੀ ਹੈ ਉਹ ਇੱਕੋ ਹੀ ਹੈ।

*ਦੂਸਰ ਹੋਆ ਨਾ ਕੋ ਹੋਈ ॥*

*ਜਪਿ ਨਾਨਕ ਪ੍ਰਭ ਏਕੋ ਸੋਈ ॥੪॥ (ਅੰਗ 740)*

ਦੁਨੀਆਂ ਦੀ ਰਚਨਹਾਰ ਤਾਕਤ ਹੀ ਤੁਹਾਡੇ ਅੰਦਰ ਬੈਠੀ ਹੈ। ਦੁਨੀਆਂ ਵਿੱਚ ਹੋਰ ਕੋਈ ਤਾਕਤ ਇਸਦੀ ਸਾਨੀ ਨਹੀਂ ਹੈ। ਉਹ ਤਾਕਤ

*ਆਦਿ ਸਚੁ ਜੁਗਾਦਿ ਸਚੁ।*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਅੰਗ 1)*

ਜਿਸ ਤਾਕਤ ਨੇ ਸਾਡੀ ਦੇਹ ਦੀ ਰਚਨਾ ਕੀਤੀ ਹੈ ਉਸ ਤੋਂ ਇਲਾਵਾ ਦੁਨੀਆਂ ਵਿੱਚ ਹੋਰ ਕੋਈ ਸਮਰਥ ਤਾਕਤ ਨਹੀਂ ਹੈ।

**ਜੋ ਕਹੀਐ ਸੋ ਪ੍ਰਭ ਤੇ ਹੋਈ ॥**

ਮਾਲਿਕ ਨੂੰ ਜੋ ਵੀ ਬੇਨਤੀ ਕਰਦੇ ਹਾਂ ਹਜ਼ੂਰ ਪੂਰੀ ਕਰਦੇ ਹਨ। ਇਸੇ ਕਰਕੇ ਅਸੀਂ ਵੀ ਜੋ ਕਰਦੇ ਹਾਂ ਮਾਲਿਕ ਦੇ ਹੁਕਮ ਵਿੱਚ ਹੀ ਕਰਦੇ ਹਾਂ। ਵਾਸਤਵ ਵਿੱਚ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੇਰੇ ਕੋਲੋ ਕੋਈ ਵੀ ਐਸਾ ਕੰਮ ਨਾ ਕਰਵਾਇਉ ਜਿਹੜਾ ਤੁਹਾਨੂੰ ਚੰਗਾ ਨਾ ਲੱਗੇ। ਜੋ ਤੁਹਾਨੂੰ ਚੰਗਾ ਲੱਗਦਾ ਹੈ ਮੇਰੇ ਕੋਲੋਂ ਉਹੋ ਹੀ ਕੰਮ ਕਰਵਾਉ। ਅਗਰ ਅਸੀਂ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਮਾਲਿਕ ਮੇਰੇ ਨਾਲ ਹਨ ਅਤੇ ਉਹਨਾਂ ਤੋਂ ਆਗਿਆ ਲੈ ਕੇ ਕੰਮ ਕਰੀਏ ਫੇਰ ਕੋਈ ਰੁਕਾਵਟ ਨਹੀਂ ਆ ਸਕਦੀ।

ਦੁਆਪਰ ਯੁਗ ਵਿੱਚ ਇਕਲਵਯ ਇਕ ਭੀਲ ਹੋਇਆ ਹੈ। ਉਸਨੇ ਦਰੋਣਾਚਾਰੀਆ ਜੀ ਕੋਲ ਜਾ ਕੇ ਬੇਨਤੀ ਕੀਤੀ ਕਿ ਮੈਨੂੰ ਸ਼ਸਤਰ ਵਿੱਦਿਆ ਸਿਖਾਉ। ਸਾਰਿਆਂ ਨੇ ਇਤਰਾਜ਼ ਕੀਤਾ ਕਿ ਦਰੋਣਚਾਰੀਆ ਜੀ ਕੌਰਵਾਂ ਪਾਂਡਵਾਂ ਦੇ ਸ਼ਸਤਰ ਵਿੱਦਿਆ ਦੇ ਗੁਰੂ ਹਨ। ਇਹ ਕਿਸੇ ਗੈਰ ਕਸ਼ਤਰੀ ਨੂੰ ਸ਼ਸਤਰ ਵਿੱਦਿਆ ਨਹੀਂ ਸਿਖਾ ਸਕਦੇ। ਕੌਰਵਾਂ ਪਾਂਡਵਾਂ ਦੇ ਇਤਰਾਜ਼ ਕਰਨ ਤੇ ਇਕਲਵਯ ਨੂੰ ਜੁਆਬ ਦੇ ਦਿੱਤਾ ਗਿਆ ਕਿ ਅਸੀਂ ਤੈਨੂੰ ਸ਼ਸਤਰ ਵਿੱਦਿਆ ਨਹੀਂ ਸਿਖਾ ਸਕਦੇ ਕਿਉਂਕਿ ਤੂੰ ਭੀਲ ਏਂ। ਤਦ

ਇਕਲਵਯ ਨੇ ਦਰੋਣਾਚਾਰੀਆ ਜੀ ਦੀ ਮਿੱਟੀ ਦੀ ਮੂਰਤੀ ਬਣਾ ਲਈ। ਉਸਨੇ ਅੰਤਰ ਧਿਆਨ ਹੋ ਕੇ ਕਹਿਣਾ ਗੁਰੂ ਜੀ ਮੈਨੂੰ ਹੁਕਮ ਕਰੋ ਕਿ ਮੈਂ ਤੀਰ ਚਲਾਵਾਂ? ਖਿਆਲ ਵਿੱਚ ਹੀ ਉਸਨੇ ਬੇਨਤੀ ਕਰਨੀ ਅਤੇ ਖਿਆਲ ਵਿੱਚ ਹੀ ਜਵਾਬ ਆਉਣਾ ਕਿ ਨਹੀਂ ਪੁੱਤਰ! ਧਨੁਸ਼ ਥੋੜਾ ਜਿਹਾ ਢੱਲੇ ਕਰ ਲੈ। ਉਸ ਦੀ ਐਸੀ ਲਗਨ ਬਣੀ ਅਤੇ ਉਸ ਦੇ ਅੰਦਰੋਂ ਐਸਾ ਗਿਆਨ ਉੱਠਿਆ ਕਿ ਸੱਚਮੁੱਚ ਹੀ ਉਸ ਨੂੰ ਉਸ ਮੂਰਤੀ ਤੋਂ ਵਿੱਦਿਆ ਮਿਲਣੀ ਸ਼ੁਰੂ ਹੋ ਗਈ। ਇੱਕ ਦਿਨ ਦਰੋਣਾਚਾਰੀਆ ਅਤੇ ਕੌਰਵ ਪਾਂਡਵ ਤੁਰੇ ਜਾ ਰਹੇ ਸਨ। ਤਦ ਦਰੋਣਾਚਾਰੀਆ ਜੀ ਨੇ ਕਿਹਾ ਕਿ ਮੈਂ ਸਭ ਤੋਂ ਵਧੀਆ ਸ਼ਸਤਰ ਵਿੱਦਿਆ ਅਰਜਨ ਨੂੰ ਦਿੱਤੀ ਹੈ। ਬੇਸ਼ਕ ਕੌਰਵਾਂ ਨੇ ਇਤਰਾਜ਼ ਕੀਤਾ ਪਰ ਉਹਨਾਂ ਨੇ ਕਿਹਾ ਕਿ ਮੇਰਾ ਸਭ ਤੋਂ ਵਧੀਆ ਸ਼ਿਸ਼ ਅਰਜਨ ਹੈ। ਤੀਰ ਅੰਦਾਜੀ ਵਿੱਚ ਇਸ ਤੋਂ ਵੱਧ ਗਿਆਨ ਕਿਸੇ ਕੋਲ ਨਹੀਂ ਹੈ। ਉਹ ਜੰਗਲ ਵਿਚੋਂ ਦੀ ਲੰਘ ਰਹੇ ਸਨ। ਉਹਨਾਂ ਦੇ ਨਾਲ ਕੁੱਤੇ ਸਨ। ਕੁੱਤਾ ਭੌਂਕਿਆ ਤਦ ਉਹਨਾਂ ਨੂੰ ਸ਼ੱਕ ਪਿਆ ਕਿ ਇੱਥੇ ਕੋਈ ਦੁਸ਼ਮਣ ਜ਼ਰੂਰ ਹੈ। ਜਦੋਂ ਕੁੱਤਾ ਭੌਂਕਣ ਲੱਗਾ ਤਦ ਇਕਲਵਯ ਨੇ ਕੁੱਤੇ ਦੀ ਅਵਾਜ ਤੇ ਤੀਰ ਮਾਰਿਆ। ਤੀਰ ਕੁੱਤੇ ਦੀ ਜ਼ੁਬਾਨ ਉੱਤੇ ਜਾ ਕੇ ਲੱਗਾ। ਉਸਨੇ ਬਹੁਤ ਬਰੀਕ ਜਿਹਾ ਤੀਰ ਮਾਰਿਆ। ਕੁੱਤਾ ਮਰਿਆ ਨਹੀਂ ਪਰ ਭੌਂਕਣੋਂ ਹਟ ਗਿਆ। ਪਾਂਡਵ ਪੁੱਤਰ ਬਹੁਤ ਜੋਧੇ ਅਤੇ ਬਲਵਾਨ ਸਨ। ਉਹਨਾਂ ਨੇ ਜਾ ਕੇ ਦੇਖਿਆ ਕਿ ਕੁੱਤੇ ਦੀ ਜ਼ੁਬਾਨ ਉੱਤੇ ਬਰੀਕ ਜਿਹਾ ਤੀਰ ਲੱਗਾ ਹੋਇਆ ਹੈ। ਉਹਨਾਂ ਨੇ ਜਦੋਂ ਤੀਰ ਕੱਢਿਆ ਤਾਂ ਕੁੱਤਾ ਫੇਰ ਚਊਂ-ਚਊਂ ਕਰ ਕੇ ਭੌਂਕਣ ਲੱਗ ਪਿਆ। ਤਦ ਦਰੋਣਾਚਾਰੀਆ ਜੀ ਨੇ ਅਵਾਜ਼ ਦਿੱਤੀ ਕਿ ਜਿਹੜਾ ਵੀ ਤੀਰ ਅੰਦਾਜ ਹੈ ਬਾਹਰ ਆਵੇ। ਇਕਲਵਯ ਬਾਹਰ ਆਇਆ ਅਤੇ ਆ ਕੇ ਦਰੋਣਾਚਾਰਯ ਨੂੰ ਨਮਸਕਾਰ ਕੀਤੀ। ਦਰੋਣਾਚਾਰੀਆ ਜੀ ਪੁੱਛਣ ਲੱਗੇ ਕਿ ਇਹ ਧਨੁਸ਼ ਅਤੇ ਤੀਰ ਚਲਾਉਣਾ ਤੂੰ ਕਿੱਥੋਂ ਸਿੱਖਿਆ ਹੈ? ਤੇਰੇ ਗੁਰੂ ਕੌਣ ਹਨ? ਉਸਨੇ ਉੱਤਰ ਦਿੱਤਾ ਕਿ ਮੇਰੇ ਗੁਰੂ ਦਰੋਣਾਚਾਰੀਆ ਜੀ ਹਨ। ਉਹਨਾਂ ਨੇ ਕਿਹਾ ਦਰੋਣਾਚਾਰੀਆ ਤਾਂ ਅਸੀਂ ਹਾਂ। ਪਰ ਸਾਡੇ ਕੋਲੋਂ ਤਾਂ ਤੂੰ ਸਿੱਖਿਆ ਨਹੀਂ ਲਈ। ਤੂੰ ਮੇਰਾ ਸ਼ਿਸ਼ ਕਿਵੇਂ ਬਣ ਗਿਆ? ਅੱਜਕੱਲ ਦਰੋਣਾਚਾਰੀਆ ਅਵਾਰਡ ਵੀ ਦਿੱਤੇ ਜਾਂਦੇ ਹਨ। ਅਰਜਨ ਨੇ ਇਤਰਾਜ ਕੀਤਾ ਕਿ ਸੱਚੇ ਪਾਤਿਸ਼ਾਹੋ! ਤੁਸੀਂ ਮੇਰੇ ਨਾਲ ਵਾਅਦਾ ਕੀਤਾ ਸੀ ਕਿ ਮੈਨੂੰ ਸਭ ਤੋਂ ਵਧੀਆ ਤੀਰ ਅੰਦਾਜੀ ਸਿਖਾਉਗੇ। ਪਰ ਤੁਸੀਂ ਮੈਨੂੰ ਇਹ ਦੱਸਿਆ ਹੀ ਨਹੀਂ ਹੈ ਕਿ ਕੁੱਤੇ ਦੇ ਭੌਂਕਣ ਤੇ ਤੀਰ ਕਿਵੇਂ ਚਲਾਈਦਾ ਹੈ। ਕੁੱਤੇ ਦੀ ਜ਼ੁਬਾਨ ਕਿੰਝ ਬੰਦ ਕਰੀਦੀ ਹੈ ਕਿ ਕੁੱਤਾ ਵੀ ਨਾ ਮਰੇ ਅਤੇ ਜ਼ੁਬਾਨ ਵੀ ਬੰਦ ਹੋ ਜਾਵੇ। ਫੇਰ ਦਰੋਣਾਚਾਰੀਆ ਜੀ ਦੇ ਪੁੱਛਣ ਤੇ ਇਕਲਵਯ ਨੇ ਉਹਨਾਂ ਨੂੰ ਜੰਗਲ ਵਿੱਚ ਲਿਜਾ ਕੇ ਦਿਖਾਇਆ। ਉੱਥੇ ਦਰੋਣਾਚਾਰੀਆ ਜੀ ਦੀ ਮੂਰਤੀ ਬਣੀ ਹੋਈ ਸੀ। ਦਰੋਣਾਚਾਰੀਆ ਜੀ ਨੇ ਦੇਖ ਕੇ ਪੁੱਛਿਆ ਕਿ ਕੀ ਤੂੰ ਸੱਚਮੁੱਚ ਸਾਨੂੰ ਗੁਰੂ ਮੰਨਦਾ ਏਂ? ਉਸ ਨੇ ਕਿਹਾ ਹਾਂ ਜੀ। ਦਰੋਣਾਚਾਰੀਆ ਜੀ ਕਹਿਣ ਲੱਗੇ ਅਗਰ ਮੈਂ ਗੁਰੂ ਹੋ ਕੇ ਤੇਰੇ ਕੋਲੋਂ ਗੁਰੂ ਦੱਛਣਾ ਮੰਗਾਂ ਤਦ ਕੀ ਤੂੰ ਦੇਵੇਗਾ? ਉਸ ਨੇ ਕਿਹਾ ਮੈਂ ਦਿਆਗਾਂ। ਅਰਜਨ ਕਹਿਣ ਲੱਗਾ ਅਗਰ ਜੰਗ ਵਿੱਚ ਇਹ ਸਾਡੇ ਵਿਰੁੱਧ ਦੂਸਰੇ ਪਾਸੇ ਚਲਾ ਗਿਆ ਤਦ ਇਸ ਨੇ ਸਾਡੀ ਅਵਾਜ਼ ਹੀ ਬੰਦ ਕਰ ਦੇਣੀ ਹੈ। ਇਸ ਨੇ ਚੁੱਪ ਕੀਤੇ ਨੇ ਅਵਾਜ ਤੇ ਤੀਰ ਮਾਰੀ ਜਾਣੇ ਹਨ। ਇਹ ਤਾਂ ਕੋਈ ਗੱਲ ਨਹੀਂ ਬਣੀ। ਨਾਲੇ ਇਹ ਭੀਲ ਹੈ। ਦਰੋਣਾਚਾਰੀਆ ਜੀ ਨੇ ਇਕਲਵਯ ਨੂੰ ਕਿਹਾ ਕਿ ਤੂੰ ਗੁਰੂ ਦੱਛਣਾ ਵਿੱਚ ਸਾਨੂੰ ਆਪਣਾ ਸੱਜੇ ਹੱਥ ਦਾ ਅੰਗੂਠਾ ਕੱਟ ਕੇ ਦੇ ਦੇ। ਇਕਲਵਯ ਨੇ ਆਪਣਾ ਅੰਗੂਠਾ ਕੱਟ ਕੇ ਦੇ ਦਿੱਤਾ।

ਸੋਈ ਤੁਹਾਡੇ ਅੰਦਰੋਂ ਜੋ ਅਵਾਜ਼ ਆਉਂਦੀ ਹੈ ਉਹ ਐਨੀ ਸੱਚੀ ਆਉਂਦੀ ਹੈ ਕਿ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਜਦੋਂ ਤੁਸੀਂ ਕੋਈ ਕੰਮ ਕਰਨ ਲੱਗਦੇ ਹੋ ਤਦ ਤੁਹਾਡੇ ਅੰਦਰੋਂ ਜ਼ਰੂਰ ਅਵਾਜ਼ ਆਵੇਗੀ ਕਿ ਇਹ ਕੰਮ ਗਲਤ ਹੈ। ਫੇਰ ਤੁਸੀਂ ਸੋਚਦੇ ਹੋ ਕਿ ਚਲੋ ਕਰ ਲੈਂਦੇ ਹਾਂ ਜੋ ਹੋਵੇਗਾ ਸੋ ਦੇਖਿਆ ਜਾਵੇਗਾ। ਅਸੀਂ ਬੁਲੰਦ ਅਵਾਜ਼ ਨਾਲ ਕਹਿੰਦੇ ਹਾਂ ਕਿ ਕੋਈ ਵੀ ਜੀਵ ਇਹ ਨਹੀਂ ਕਹਿ ਸਕਦਾ ਕਿ ਗਲਤ ਕੰਮ ਕਰਨ ਲੱਗਿਆਂ ਉਸ ਨੂੰ ਅੰਦਰੋਂ ਅਵਾਜ਼ ਨਾ ਆਈ ਹੋਵੇ। ਪਰ ਸਾਡੇ ਅੰਦਰ ਜੋ ਮਾੜੇ ਹਾਰਮੋਨਜ਼ ਹੁੰਦੇ ਹਨ ਉਹ ਉਸ ਅਵਾਜ਼ ਨੂੰ ਦਬਾ ਦਿੰਦੇ ਹਨ। ਜੋ ਜੀਵ ਅੰਦਰ ਦੀ ਅਵਾਜ਼ ਨੂੰ ਪਛਾਣਦਾ ਹੈ ਉਹ ਮਾਲਿਕ ਦੀ ਅਵਾਜ਼ ਹੁੰਦੀ ਹੈ। ਅਸੀਂ ਪਰਵਾਨਾ ਜੀ ਨੂੰ ਕਈ ਵਾਰ ਦੱਸਿਆ ਕਿ ਮਾਲਿਕ ਸਾਨੂੰ ਅੰਦਰੋਂ ਕੋਈ ਉਤਸ਼ਾਹ ਜਾਂ ਇਸ਼ਾਰਾ ਬਖਸ਼ਣ ਉਸ ਕੰਮ ਵਿੱਚ ਕਦੇ ਕੋਈ ਅੜਚਨ ਨਹੀਂ ਆਈ। ਅਗਰ ਕੋਈ ਕੰਮ ਸਲਾਹ ਲੈ ਕੇ ਕਰੀਏ ਫੇਰ ਕਈ ਦਫ਼ਾ ਅੜਚਨਾ ਪੈਂਦੀਆਂ ਹਨ ਕਿਉਂਕਿ ਉਦੋਂ ਅਸੀਂ ਅੰਦਰ ਦੀ ਅਵਾਜ਼ ਤੇ ਕੰਮ ਨਾ ਕਰਕੇ ਕਿਸੇ ਦੀ ਪ੍ਰੇਰਨਾ ਤੇ ਕੰਮ ਕਰ ਰਹੇ ਹੁੰਦੇ ਹਾਂ। ਪ੍ਰੇਰਨਾ ਦੇਣ ਵਾਲੇ ਜਾਂ ਸਲਾਹਕਾਰ ਦਾ ਵਿੱਚ ਜਾਤੀ ਸੁਆਰਥ ਵੀ ਹੁੰਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਅਸੀਂ ਅੰਦਰ ਦੀ ਅਵਾਜ਼ ਨੂੰ ਪਛਾਣ ਕੇ ਕੋਈ ਕੰਮ ਕਰਦੇ ਹਾਂ ਤਦ ਉਸ ਤੋਂ ਵੱਡੀ ਕੋਈ ਭਗਤੀ ਨਹੀਂ।

**ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ॥**

ਜਿਹੜੀ ਤਾਕਤ ਸਾਡੇ ਅੰਦਰ ਬਿਰਾਜੀ ਹੈ ਉਹ ਜੁਗਾਂ ਤੋਂ ਇੱਕੋ ਹੀ ਚਲੀ ਆ ਰਹੀ ਹੈ।

**ਉਤਪਤਿ ਪਰਲਉ ਅਵਰੁ ਨ ਕੋਈ॥**

ਮਰਨਾ-ਜੰਮਣਾ, ਆਉਣਾ-ਜਾਣਾ ਸਭ ਮਾਲਿਕ ਦੇ ਹੁਕਮ ਵਿੱਚ ਹੀ ਹੁੰਦਾ ਹੈ।

**ਐਸਾ ਮੇਰਾ ਠਾਕੁਰ ਗਹਿਰ ਗੰਭੀਰੁ॥**

ਉਹ ਠਾਕੁਰ ਬਹੁਤ ਗੰਭੀਰ ਹਨ ਜਾਹਿਰ ਨਹੀਂ ਹੁੰਦੇ। ਉਹ ਆਪ ਹੀ ਸਭ ਕੁਝ ਕਰ ਰਹੇ ਹੁੰਦੇ ਹਨ। ਪਰ ਉਹ ਕਿਸੇ ਕੋਲ ਜਾਹਿਰ ਨਹੀਂ ਹੁੰਦੇ।

**ਜਿਨਿ ਜਪਿਆ ਤਿਨ ਹੀ ਸੁਖੁ ਪਾਇਆ**
**ਹਰਿ ਕੈ ਨਾਮਿ ਨ ਲਗੈ ਜਮ ਤੀਰੁ॥੧॥**

ਜਿਹੜੇ ਜੀਵ ਸਿਮਰਨ ਕਰਦੇ ਹਨ ਉਹ ਸੁੱਖ ਪਾਉਂਦੇ ਹਨ। ਹਰੀ ਕੇ ਨਾਮ ਤੇ ਜਮ ਵੀ ਐਕਸ਼ਨ ਨਹੀਂ ਕਰ ਸਕਦਾ,

ਨਾ ਹੀ ਉਸ ਨੂੰ ਕੋਈ ਪੀੜਾ ਲੱਗ ਸਕਦੀ ਹੈ। ਸੋਈ ਸਿਮਰਨ ਇੱਕ ਐਸੀ ਸ਼ਕਤੀ ਹੈ ਜੀਵ ਜਿਉਂ-ਜਿਉਂ ਸਿਮਰਨ ਕਰਦਾ ਹੈ ਉਸ ਨੂੰ ਤਿਉਂ-ਤਿਉਂ ਬਲ, ਹਿੰਮਤ ਅਤੇ ਧਰਵਾਸ ਮਿਲਦੀ ਹੈ। ਕੰਮਾਂ ਦੀ ਪੂਰਤੀ ਵਿੱਚ ਚਾਹੇ ਅੱਗਾ ਪਿੱਛਾ ਹੋ ਜਾਵੇ ਪਰ ਸਾਨੂੰ ਸਿਮਰਨ ਵਿੱਚ ਨਾਗਾ ਨਹੀਂ ਪਾਉਣਾ ਚਾਹੀਦਾ। ਅਗਰ ਅਸੀਂ ਇਸ ਤਰ੍ਹਾਂ ਸਿਮਰਨ ਕਰਾਂਗੇ ਫੇਰ ਹਜ਼ੂਰ ਖੁਸ਼ੀਆਂ ਬਖਸ਼ਦੇ ਆਏ ਹਨ ਅਤੇ ਅਗਾਂਹ ਵੀ ਬਖਸ਼ਦੇ ਰਹਿਣਗੇ।

# ਸਤਿਸੰਗ

**ੴ ਸਤਿਗੁਰ ਪ੍ਰਸਾਦਿ ॥**

**ਰਾਗੁ ਸੂਹੀ ਮਹਲਾ ੩ ਘਰੁ ੩ ॥ (ਅੰਗ 768)**
**ਭਗਤ ਜਨਾ ਕੀ ਹਰਿ ਜੀਉ ਰਾਖੈ**
**ਜੁਗਿ ਜੁਗਿ ਰਖਦਾ ਆਇਆ ਰਾਮ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਫ਼ੁਰਮਾਨ ਕਰ ਰਹੇ ਹਨ ਕਿ ਨਿਸ਼ਚੇ ਰੱਖੋ। ਜਦੋਂ ਦੀ ਦੁਨੀਆਂ ਦੀ ਰਚਨਾ ਹੋਈ ਹੈ ਹੋਰ ਕਿਸੇ ਦਾ ਕੰਮ ਹੋਵੇ ਜਾਂ ਨਾ ਹੋਵੇ ਪਰ ਹਜ਼ੂਰ ਭਗਤਾਂ ਦੀ ਲਾਜ ਜ਼ਰੂਰ ਰੱਖਦੇ ਹਨ।

*ਹਰਿ ਹਰਿਜਨ ਦੋਊ ਏਕ ਹੈ, ਬਿਬ ਵਿਚਾਰ ਕਿਛੁ ਨਾਹਿ ॥*
*ਜਲ ਤੇ ਉਪਜਿ ਤਰੰਗ ਜਿਉ ਜਲ ਹੀ ਵਿਖੈ ਸਮਾਹਿ ॥*

ਭਗਤੀ ਅਤੇ ਭਗਵੰਤ ਵਿੱਚ ਕੋਈ ਅੰਤਰ ਨਹੀਂ ਹੈ।

*ਗੋਬਿੰਦ ਭਾਉ ਭਗਤਿ ਦਾ ਭੁਖਾ।*

ਉਹ ਗੋਬਿੰਦ ਤਾਕਤ ਭਾਵ ਅਤੇ ਭਗਤੀ ਦੀ ਭੁੱਖੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਨਿਸ਼ਚੇ ਰੱਖੋ, ਜੋ ਵੀ ਪ੍ਰਾਣੀ ਭਗਤੀ ਕਰਦੇ ਹਨ ਮਾਲਿਕ ਉਹਨਾਂ ਦੀ ਲਾਜ ਰੱਖਦੇ ਆਏ ਹਨ ਅਤੇ ਅਗਾਂਹ ਵੀ ਰੱਖਦੇ ਰਹਿਣਗੇ।

**ਸੋ ਭਗਤੁ ਜੋ ਗੁਰਮੁਖਿ ਹੋਵੈ**
**ਹਉਮੈ ਸਬਦਿ ਜਲਾਇਆ ਰਾਮ ॥**

ਕਬੀਰ ਪੰਥੀਆਂ ਨੂੰ ਸਾਰੇ ਭਗਤ ਬਰਾਦਰੀ ਕਹਿੰਦੇ ਹਨ। ਉਹ ਆਪਣੇ ਨਾਮ ਨਾਲ ਭਗਤ ਲਿਖਦੇ ਹਨ। ਭਗਤ ਉਹ ਨਹੀਂ ਜੋ ਕਬੀਰ ਬਰਾਦਰੀ ਵਿੱਚ ਪੈਦਾ ਹੁੰਦਾ ਹੈ ਜਾਂ ਆਪਣੇ ਨਾਮ ਨਾਲ ਭਗਤ ਲਿੱਖਦਾ ਹੈ। ਜੋ ਜੀਵ ਗੁਰਬਾਣੀ ਅਨੁਕੂਲ ਆਪਣਾ ਜੀਵਨ ਬਤੀਤ ਕਰਦਾ ਹੈ ਉਹ ਸੱਚਾ ਭਗਤ ਹੈ। ਉਸ ਵਿੱਚ ਹਉਮੈ ਨਾ ਹੋਵੇ ਉਸ ਨੇ ਆਪਾ ਮਾਰਿਆ ਹੋਵੇ ਉਹੋ ਹੀ ਸੱਚਾ ਭਗਤ ਹੈ।

**ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ**
**ਜਿਸ ਦੀ ਸਾਚੀ ਬਾਣੀ ॥**

ਹਉਮੈ ਨੂੰ ਗੁਰਬਾਣੀ ਤੋਂ ਬਿਨਾਂ ਕੋਈ ਮਾਰ ਨਹੀਂ ਸਕਿਆ। ਕਿਉਂਕਿ

*ਤਜਣੀ ਮਾਇਆ ਸਹਿਲ ਹੈ ਤਜਣਾ ਤ੍ਰੀਆ ਨੇਹ।*

ਪ੍ਰਾਈਮ ਮਨਿਸਟੀਆਂ, ਪ੍ਰੈਜ਼ੀਡੈਂਟੀਆਂ, ਅਹੁਦੇਦਾਰੀਆਂ, ਜਗੀਰਾਂ, ਜਾਇਦਾਦਾਂ, ਧੀਆਂ, ਪੁੱਤਰ ਸਭ ਕੁਝ ਤਿਆਗੇ ਜਾ ਸਕਦੇ ਹਨ। ਜੀਵ ਗ੍ਰਿਹਸਤੀ ਜੀਵਨ ਤੋਂ ਵੀ ਬਚ ਸਕਦਾ ਹੈ।

*ਤਜਣੀ ਮਾਇਆ ਸਹਿਲ ਹੈ ਤਜਣਾ ਤ੍ਰੀਆ ਨੇਹ।*
*ਮਾਣ ਵਡਿਆਈ ਈਰਖਾ ਤਜਣਾ ਦੁਰਲਭ ਯੇਹ।*

ਤਥਾ

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ*
*ਮਾਨੁ ਸਭੈ ਕਉ ਖਾਇ ॥ (ਅੰਗ 1372)*

ਰਿਸ਼ੀਆਂ ਮੁਨੀਆਂ ਨੇ ਵੀ ਮਾਣ ਵਿੱਚ ਆ ਕੇ ਮਾਰ ਖਾਧੀ। ਗੁਰਬਾਣੀ ਤੋਂ ਬਗੈਰ ਜੀਵ ਦੀ ਹਉਮੈਂ ਖਤਮ ਨਹੀਂ ਹੋ ਸਕਦੀ।

**ਸਚੀ ਭਗਤਿ ਕਰਹਿ ਦਿਨੁ ਰਾਤੀ**
**ਗੁਰਮੁਖਿ ਆਖਿ ਵਖਾਣੀ ॥**

ਜੋ ਜੀਵ ਰਾਤ ਦਿਨ ਭਗਤੀ ਕਰਦੇ ਹਨ ਉਹੋ ਹੀ ਗੁਰਮੁਖ ਹਨ। ਕਈਆਂ ਜੀਵਾਂ ਨੇ ਆਪਣਾ ਨਾਮ ਗੁਰਮੁਖ ਸਿੰਘ ਰੱਖਿਆ ਹੁੰਦਾ ਹੈ। ਕਈਆਂ ਜੀਵਾਂ ਨੂੰ ਬਿਲਕੁੱਲ ਪੰਜਾਬੀ ਨਹੀਂ ਆਉਂਦੀ ਉਹਨਾਂ ਨੂੰ ਪਿੰਡਾਂ ਵਿੱਚ ਗਿਆਨੀ ਜੀ ਕਹਿੰਦੇ ਹਨ। ਪਰ ਜੋ ਰਾਤ ਦਿਨ ਭਗਤੀ ਕਰਦੇ ਹਨ ਉਹੋ ਸੱਚੇ ਗੁਰਮੁੱਖ ਹਨ।

**ਭਗਤਾ ਦੀ ਚਾਲ ਸਚੀ ਅਤਿ ਨਿਰਮਲ**
**ਨਾਮੁ ਸਚਾ ਮਨਿ ਭਾਇਆ ॥**

ਭਗਤਾਂ ਦੀ ਚਾਲ ਨਿਰਮਲ ਅਤੇ ਸਾਫ਼ ਹੁੰਦੀ ਹੈ। ਉਹ ਦੁੱਖ ਆਉਣ ਤੇ ਕਲਪਦੇ ਨਹੀਂ ਹਨ ਅਤੇ ਸੁੱਖ ਆਉਣ 'ਤੇ ਮਾਣ ਨਹੀਂ ਕਰਦੇ। ਉਹਨਾਂ ਦੀ ਚਾਲ ਨਿਰਮਲ ਹੁੰਦੀ ਹੈ। ਉਹ ਹਮੇਸ਼ਾ ਇੱਕ ਰੰਗ ਵਿੱਚ ਰਹਿੰਦੇ ਹਨ।

**ਨਾਨਕ ਭਗਤ ਸੋਹਹਿ ਦਰਿ ਸਾਚੈ**
**ਜਿਨੀ ਸਚੋ ਸਚੁ ਕਮਾਇਆ ॥੧॥**

ਉਹੋ ਹੀ ਸੱਚੇ ਦਰਬਾਰ ਵਿੱਚ ਸੋਭਾ ਪਾਉਂਦੇ ਹਨ ਜੋ ਸੱਚ ਦੀ ਕਮਾਈ ਕਰਦੇ ਹਨ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਭਗਤੀ ਵਿੱਚ ਜਿਨ੍ਹਾਂ ਜ਼ਿਆਦਾ ਲੀਨ ਹੋਵੋਗੇ ਓਨਾਂ ਜ਼ਿਆਦਾ ਭੈ ਰੱਖੋਗੇ। ਜਿਹੜਾ ਜੀਵ ਸਿਮਰਨ ਘੱਟ ਕਰਦਾ ਹੈ ਉਸ ਨੂੰ ਭੈਅ ਘੱਟ ਹੁੰਦਾ ਹੈ। ਜਿਹੜਾ ਜੀਵ ਜ਼ਿਆਦਾ ਸਿਮਰਨ ਕਰੇਗਾ ਉਸ ਨੂੰ ਜ਼ਿਆਦਾ ਭੈ ਆਵੇਗਾ ਕਿ ਕਿਤੇ ਮੇਰੇ ਕੋਲੋਂ ਕੋਈ ਭੁੱਲ ਜਾਂ ਅਵੱਗਿਆ ਨਾ ਹੋ ਜਾਵੇ। ਮਾਲਿਕ ਦੇ ਘਰੋਂ ਮੈਨੂੰ ਬਖਸ਼ਿਸ਼ ਦੀ ਕੋਈ ਕਮੀ ਨਾ ਆਵੇ। ਸੱਚੇ ਭਗਤ ਉਹੋ ਹੀ ਹਨ ਜੋ ਸੱਚ ਦਾ ਸਿਮਰਨ ਕਰਦੇ ਹਨ।

# ਸਤਿਸੰਗ ਸੰਗ੍ਾਂਦ ਮਹੀਨਾ ਕੱਤਕ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ**

(ਅੰਗ 1109)

**ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥**

ਕੱਤਕ ਦਾ ਮਹੀਨਾ 17-10-2010 ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ-ਸ਼ਾਂਤੀ, ਖੇੜੇ, ਇਤਿਫ਼ਾਕ, ਨਾਮ ਦੀ ਦਾਤ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਬਖਸ਼ਦੇ ਹੋਇਆ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸੰਗਤ ਅਤੇ ਸ਼ਰਨ ਬਖ਼ਸ਼ੀ ਹੈ ਇਸੇ ਤਰ੍ਹਾਂ ਬਖ਼ਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*(ਅੰਗ 1395)*

ਖ਼ੁਦ ਉਹ ਅਕਾਲ ਪੁਰਖ, ਵਾਹਿਗੁਰੂ ਕਿਸੇ ਦੇਹ ਵਿੱਚ ਬਿਰਾਜਮਾਨ ਹੋ ਕੇ ਦੁਨੀਆਂ ਵਿੱਚ ਪ੍ਰਗਟ ਹੋਏ। ਹਜ਼ੂਰ ਪਹਿਲੇ ਪਾਤਿਸ਼ਾਹ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਜਿੰਨੇ ਵੀ ਜੀਵ ਹਾਂ ਕੋਈ ਨਾ ਕੋਈ ਕਿਰਤ ਕਰਦੇ ਹਾਂ। ਕੋਈ ਖੇਤੀਬਾੜੀ ਕਰਦਾ ਹੈ, ਕੋਈ ਨੌਕਰੀ ਕਰਦਾ ਹੈ, ਕੋਈ ਵਿਦੇਸ਼ ਵਿੱਚ ਜਾ ਕੇ ਕਿਰਤ ਕਰਦਾ ਹੈ। ਜਿੱਥੇ ਵੀ ਕਿਸੇ ਨੂੰ ਪ੍ਰਭੂ ਨੇ ਲਾਇਆ ਹੈ ਉਹ ਉਹੋ ਜਿਹੀ ਕਿਰਤ ਕਰਦਾ ਹੈ।

*ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥*
*ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥*

*(ਅੰਗ 275)*

ਕਿਰਤ ਕਰਨ ਵਿੱਚ ਜੀਵ ਦਾ ਯਤਨ ਜ਼ਰੂਰ ਹੁੰਦਾ ਹੈ। ਪਰੰਤੂ ਜੀਵ ਉਹੋ ਹੀ ਕਿਰਤ ਕਰਦਾ ਹੈ ਜੋ ਮਾਲਿਕ ਨੂੰ ਮਨਜ਼ੂਰ ਹੁੰਦੀ ਹੈ।

ਜਿਸ ਤਰ੍ਹਾਂ ਅਸੀਂ ਬਚਪਨ ਵਿੱਚ ਪੜ੍ਹਾਈ ਕੀਤੀ ਫੇਰ ਟੀਚਿੰਗ ਲਾਈਨ ਵੱਲ ਜਾਣ ਦੀ ਕੋਸ਼ਿਸ਼ ਕੀਤੀ। ਉਦੋਂ ਸਾਡੀ ਉਮਰ ਦਾ ਫਰਕ ਹੋਣ ਕਰਕੇ ਅਸੀਂ ਉਸ ਪਾਸੇ ਨਹੀਂ ਜਾ ਸਕੇ। ਫੇਰ ਅਸੀਂ ਬਟਾਲੇ ਰਾਇਲ ਫਾਊਂਡਰੀਜ ਵਿੱਚ ਥੋੜ੍ਹਾ ਹਿੱਸਾ ਪਾ ਕੇ ਬਿਜ਼ਨੈਸ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਗੱਲ ਨਾ ਬਣੀ। ਫੇਰ ਪੁਲਿਸ ਮਹਿਕਮੇ ਵਿਚ ਭਰਤੀ ਹੋ ਕੇ ਅੰਗਰੇਜ਼ਾਂ ਦੇ ਸਮੇਂ ਅੰਗਰੇਜ਼ੀ ਪ੍ਰੇਡ ਹੁੰਦੀ ਸੀ-ਲੈਫਟ-ਰਾਈਟ ਕਰਨਾ ਸਿੱਖਿਆ। ਫੇਰ ਦਾਏਂ-ਬਾਂਏਂ ਕਰਨਾ ਸਿੱਖਿਆ। ਫੇਰ ਕਦੇ ਮਿਲਟਰੀ ਵਿੱਚ ਵਾਲੰਟੀਅਰ ਹੋ ਕੇ ਜੰਗ ਵਿੱਚ ਗਏ। ਅਗਰ ਸਾਨੂੰ ਪਤਾ ਹੁੰਦਾ ਕਿ ਹਜ਼ੂਰ ਨੇ ਸਾਡੇ ਕੋਲੋਂ ਸਤਿਸੰਗ ਦੀ ਸੇਵਾ ਲੈਣੀ ਹੈ ਤਾਂ ਸ਼ਾਇਦ ਅਸੀਂ ਖੱਬੇ-ਸੱਜੇ ਨਾ ਹੀ ਜਾਂਦੇ। ਪਰ ਜਿੱਥੇ-ਜਿੱਥੇ ਕਿਰਤ ਲਿਖੀ ਹੈ ਜਾਂ ਜਿੱਥੇ-ਜਿੱਥੇ ਵੀ ਕਿਰਤ ਦਾ ਸੰਯੋਗ ਹੈ ਜੀਵ ਨੂੰ ਉਹ ਕਿਰਤ ਕਰਨੀ ਹੀ ਪੈਂਦੀ ਹੈ। ਹਜ਼ੂਰ ਹੀ ਕਿਰਪਾ ਕਰਕੇ ਭੇਦ ਬਖਸ਼ਣ। ਜਦੋਂ ਅਸੀਂ ਸਰਵਿਸ ਕਰਦਿਆਂ ਭਗਤੀ ਦੀਆਂ ਗੱਲਾਂ ਕਰਨੀਆਂ ਤਦ ਅਫ਼ਸਰਾਂ ਨੇ ਸਾਨੂੰ ਟਿੱਚਰਾਂ ਕਰਨੀਆਂ। ਇੱਕ ਵਾਰ ਸਾਡੇ ਭੂਆ ਜੀ ਦੇ ਲੜਕੇ ਦੀ ਸ਼ਾਦੀ ਸੀ। ਇਹ 1971 ਦੀ ਗੱਲ ਹੈ। ਸ: ਸੰਤੋਖ ਸਿੰਘ ਰੰਧਾਵਾ ਜੋ ਉਸ ਸਮੇਂ ਪੰਜਾਬ ਸਰਕਾਰ ਵਿਚ ਮੰਤਰੀ ਸਨ, ਸਾਨੂੰ ਕਹਿਣ ਲੱਗੇ ਸਾਡੀ ਕਾਰ ਵਿੱਚ ਬੈਠ ਜਾਉ। ਉਹਨਾਂ ਦੀ ਕਾਰ ਨੂੰ ਝੰਡੀ ਲੱਗੀ ਹੋਈ ਸੀ। ਅਸੀਂ ਕਿਹਾ ਨਹੀਂ! ਸਾਡੇ ਕੋਲ ਆਪਣੀ ਪੱਕੀ ਗੱਡੀ ਹੈ, ਤੁਹਾਡੀਆਂ ਗੱਡੀਆਂ ਤਾਂ ਆਰਜ਼ੀ ਹਨ। ਅਸੀਂ ਕਿਹਾ ਅਸੀਂ ਤੁਹਾਡੇ ਨਾਲ ਬੈਠਾਂਗੇ ਤਾਂ ਜ਼ਰੂਰ ਹੀ ਕਿਸੇ ਦੀ ਨਿੰਦੀਆ ਚੁਗਲੀ ਕਰਾਂਗੇ। ਅਗਰ ਆਪਣੀ ਗੱਡੀ ਵਿੱਚ ਬੈਠਾਂਗੇ ਤਦ ਜਾਂਦਿਆਂ ਸਿਮਰਨ ਕਰਦੇ ਜਾਵਾਂਗੇ, ਪਾਠ ਕਰਦੇ ਜਾਵਾਂਗੇ। ਉਹ ਕਹਿਣ ਲੱਗੇ ਤੂੰ ਤਾਂ ਪੁਲੀਸ ਦੇ ਫਿੱਟ ਹੀ ਨਹੀਂ ਹੈ। ਤੈਨੂੰ ਤਾਂ ਕਿਸੇ ਗੁਰਦੁਆਰੇ ਦਾ ਭਾਈ ਹੋਣਾ ਚਾਹੀਦਾ ਸੀ। ਪਤਾ ਨਹੀਂ ਤੂੰ ਪੁਲੀਸ ਵਿੱਚ ਨੌਕਰੀ ਕਿਵੇਂ ਕਰੀ ਜਾ ਰਿਹਾ ਏਂ।

ਸੋਈ ਕਪਤਾਨਾਂ ਅਤੇ ਸਿਆਸੀ ਲੀਡਰਾਂ ਨੇ ਵੀ ਸਾਨੂੰ ਇੰਝ ਟਿੱਚਰਾਂ ਕੀਤੀਆਂ। ਵਾਸਤਵ ਵਿੱਚ ਇਸ਼ਾਰਾ ਤਾਂ ਹੋ ਹੀ ਜਾਂਦਾ ਹੈ ਪਰ ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੀਵ ਨੇ ਜਿੱਥੇ-ਜਿੱਥੇ ਵੀ ਕਿਰਤ ਕਰਨੀ ਹੈ ਉਸ ਪ੍ਰਭੂ ਦੀ ਮਨਜ਼ੂਰੀ ਅਤੇ ਆਗਿਆ ਵਿੱਚ ਕਰਨੀ ਹੈ। ਕਈ ਗੁਰਦਾਸਪੁਰ ਦੀਆਂ ਬੱਚੀਆਂ ਨੇ ਜਾਂ ਅੰਮ੍ਰਿਤਸਰ ਵਾਲੀਆਂ ਨੇ ਜਲੰਧਰ ਜਾਂ ਦਿੱਲੀ ਨਹੀਂ ਦੇਖਿਆ ਹੋਣਾ। ਹੁਣ ਦੇਸ਼-ਵਿਦੇਸ਼ ਕਨੇਡਾ, ਅਮਰੀਕਾ, ਇੰਗਲੈਂਡ ਸਭ ਥਾਈਂ ਜਾਂਦੀਆਂ ਹਨ। ਉਹ ਜੰਮੀਆਂ ਕਿਤੇ ਹਨ ਅਤੇ ਵਿਆਹੀਆਂ ਕਿਤੇ ਹਨ। ਪਹਿਲੇ ਸਮੇਂ ਵਿੱਚ ਜਦੋਂ ਦਰਿਆ ਤੋਂ ਪਾਰ ਵਿਆਹੁਣ ਜਾਂਦੇ ਸੀ ਤਦ ਦਰਿਆ ਵਿੱਚ ਪੈਸੇ ਸੁੱਟਦੇ ਸੀ ਪਰ ਹੁਣ ਵਿਆਹ ਕੇ ਸਮੁੰਦਰਾਂ ਤੋਂ ਪਾਰ ਚਲੇ ਜਾਂਦੇ ਹਨ ਪਰ ਅਸੀਂ ਕਦੇ ਕਿਸੇ ਨੂੰ ਪੈਸੇ ਸੁੱਟਦਿਆਂ ਨਹੀਂ ਦੇਖਿਆ। ਸਮਾਜ ਵਿੱਚ ਬਹੁਤ ਬਦਲਾਅ ਆ ਗਿਆ ਹੈ। ਪਰ ਕੋਈ ਜਿੱਥੇ ਵੀ ਗਿਆ ਹੈ ਹਜ਼ੂਰ ਦੀ ਮੌਜ ਅਤੇ ਆਗਿਆ ਵਿੱਚ ਹੀ ਗਿਆ ਹੈ।

**ਦੀਪਕੁ ਸਹਜਿ ਬਲੈ ਤਤਿ ਜਲਾਇਆ ॥**

ਹਰ ਲੜਕੀ ਚਾਹੁੰਦੀ ਹੈ ਕਿ ਸਹੁਰੇ ਘਰ ਵਿੱਚ ਮੇਰਾ ਮਾਣ ਅਤੇ ਸਤਿਕਾਰ ਹੋਵੇ। ਜੀਵ ਚਾਹੁੰਦਾ ਹੈ ਕਿ ਦੁਨੀਆਂ ਵਿੱਚ ਮੇਰੀ ਸੋਭਾ ਹੋਵੇ। ਸਾਧੂ ਵੀ ਚਾਹੁੰਦੇ ਹਨ ਕਿ ਸਾਡੀ ਜੈ-ਜੈ ਕਾਰ ਹੋਵੇ। ਅਫ਼ਸਰ ਅਤੇ ਲੀਡਰ ਵੀ ਸੋਭਾ ਚਾਹੁੰਦੇ ਹਨ। ਕਿਉਂਕਿ ਜਦੋਂ ਦੀਪਕ ਜਲਦਾ ਹੈ ਤਦ ਉਸ ਦੀ ਲਾਈਟ ਦੀ ਲੋਕ ਪ੍ਰੰਸਾ

ਕਰਦੇ ਹਨ ਕਿ ਬੜਾ ਹਨੇਰਾ ਸੀ ਜੋ ਇਸ ਨੇ ਦੂਰ ਕਰ ਦਿੱਤਾ ਹੈ।

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥*
*ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਾਰੇ ਹੀ ਦੀਵਾ ਬਣਨਾ ਚਾਹੁੰਦੇ ਹਨ ਪਰ ਉਹਨਾਂ ਨੂੰ ਆਪਣਾ ਤੇਲ ਸਾੜਨਾ ਪੈਣਾ ਹੈ, ਬੱਤੀ ਸਾੜਨੀ ਪੈਣੀ ਹੈ। ਦੁਨਿਆਵੀ ਤੌਰ ਤੇ ਕਿਸੇ ਕੋਲ ਅੱਜ ਰਾਜ ਭਾਗ ਹੈ ਕੱਲ ਨੂੰ ਨਹੀਂ ਹੈ। ਪਰ ਉਹ ਅਲੱਗ ਗੱਲ ਹੈ। ਜੋ ਜੀਵ ਆਪਣੇ ਜੀਵਨ ਉੱਪਰ ਘਟਾ ਕੇ ਨੇਕ ਕੰਮ ਕਰਦਾ ਹੈ ਉਸ ਦੇ ਜੀਵਨ ਕਾਲ ਵਿੱਚ ਵੀ ਅਤੇ ਮਰਨ ਤੋਂ ਬਾਦ ਵੀ ਦੁਨੀਆਂ ਉਸ ਜੀਵ ਦੀ ਜੈ-ਜੈ ਕਾਰ ਕਰਦੀ ਹੈ ਕਿ ਉਸ ਨੇ ਕੋਈ ਵਧੀਆ ਕੰਮ ਕੀਤਾ ਸੀ। ਦੀਪਕ ਵਾਂਗ ਸੋਭਾ ਕਰਾਉਣ ਲਈ ਤੇਲ ਅਤੇ ਬੱਤੀ ਸਾੜਨੀ ਪੈਂਦੀ ਹੈ ਭਾਵ ਆਪਣੀ ਹੋਂਦ ਖਤਮ ਕਰਨੀ ਪੈਂਦੀ ਹੈ।

**ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥**

ਅੱਜ ਕੱਲ ਸਾਡੇ ਬੱਚਿਆਂ ਨੂੰ ਪਤਾ ਹੀ ਨਹੀਂ ਹੈ ਕਿ ਸਰ੍ਹੋਂ ਕੀ ਚੀਜ਼ ਹੈ ਜਾਂ ਤਾਰਾ-ਮੀਰਾ ਕੀ ਹੁੰਦਾ ਹੈ ਜਾਂ ਤੋਰੀਆ ਕੀ ਹੈ? ਪਰ ਸ੍ਰ: ਮਹਿੰਦਰ ਸਿੰਘ ਰੰਧਾਵਾ ਜਿਹਨਾਂ ਨੇ ਪੰਜਾਬ ਐਗਰੀਕਲ ਯੂਨੀਵਰਸਲ ਲੁਧਿਆਣਾ ਸ਼ੁਰੂ ਕਰਵਾਈ ਸੀ ਉਸ ਨੇ ਜੋ ਐਗਰੀਕਲਚਰ ਇੰਸਪੈਕਟਰ ਬੀ. ਐੱਸ. ਸੀ. ਅਤੇ ਐੱਮ. ਐੱਸ. ਸੀ. ਕਰਕੇ ਗਏ ਉਹਨਾਂ ਦੀ ਭਰਤੀ ਵਾਸਤੇ ਇੰਟਰਵਿਊ ਰੱਖ ਦਿੱਤੀ। ਉਹਨਾਂ ਨੂੰ ਇੱਕ ਹਾਲ ਵਿੱਚ ਬਿਠਾ ਲਿਆ ਅਤੇ ਜਿਸ ਦੀ ਇੰਟਰਵਿਊ ਲੈਣੀ ਉਸ ਨੂੰ ਬਾਹਰ ਭੇਜਣ ਦੀ ਜਗ੍ਹਾ ਅਗਾਂਹ ਇੱਕ ਹੋਰ ਹਾਲ ਵਿੱਚ ਬਿਠਾਈ ਗਏ ਤਾਂ ਕਿ ਕੋਈ ਬਾਹਰ ਜਾ ਕੇ ਦੂਸਰਿਆਂ ਨੂੰ ਦੱਸ ਨਾ ਸਕੇ ਕਿ ਜੋ ਪੁੱਛਿਆ ਹੈ ਉਹ ਕੀ ਚੀਜ਼ ਹੈ। ਸਰੋਂ ਦਾ ਤਾਂ ਲੋਕ ਸਾਗ ਖਾਂਦੇ ਹਨ ਉਸ ਬਾਰੇ ਕੁਝ ਨਾ ਕੁਝ ਪਤਾ ਹੁੰਦਾ ਹੈ। ਪਰ ਉੱਥੇ ਜਿਹੜਾ ਵੀ ਅੰਦਰ ਇੰਟਰਵਿਊ ਦੇਣ ਲਈ ਜਾਵੇ ਉਸ ਨੂੰ ਜਾਂਦਿਆ ਹੀ ਪੁੱਛਣ ਕਿ ਇੱਕ ਕਿੱਲੇ ਵਿੱਚ ਤਾਰਾਮੀਰਾ ਦਾ ਬੀਜ ਕਿੰਨਾ ਪੈਂਦਾ ਹੈ? ਪਰ ਆਮ ਜੀਵਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਤਾਰਾਮੀਰਾ ਕੀ ਹੈ। ਉਸ ਦੇ ਪੱਤੇ ਸਰ੍ਹੋਂ ਅਤੇ ਤੋਰੀਏ ਨਾਲੋਂ ਅਲੱਗ ਹੁੰਦੇ ਹਨ ਅਤੇ ਉਹ ਬਹੁਤ ਕੌੜਾ ਅਤੇ ਬਹੁਤ ਗਰਮ ਹੁੰਦਾ ਹੈ। ਆਮ ਤੌਰ ਤੇ ਸਬ ਵਿੱਚ ਤਾਰਾਮੀਰਾ ਦਾ ਪੇਸਟ ਪਾਉਂਦੇ ਹਨ। ਤਾਰੇਮੀਰੇ ਦਾ ਤੇਲ ਐਨਾ ਕੌੜਾ ਹੁੰਦਾ ਹੈ ਕਿ ਅਗਰ ਮੂੰਹ ਉੱਪਰ ਲੱਗ ਜਾਵੇ ਤਦ ਬਹੁਤ ਚਿਰ ਚੁੱਭਦਾ ਰਹਿੰਦਾ ਹੈ। ਜਿੰਨੇ ਵੀ ਇੰਟਰਵਿਊ ਵਾਲੇ ਸਨ ਉਹ ਸੋਚ ਕੇ ਦੱਸਣ ਕਿ ਅਗਰ ਕਣਕ ਦਾ ਬੀਜ ਚਾਲੀ ਕਿਲੋ ਪੈਂਦਾ ਹੈ ਤਦ ਤਾਰੇਮੀਰੇ ਦਾ ਬੀਜ ਵੀਹ ਕਿੱਲੋ ਪੈਂਦਾ ਹੋਵੇਗਾ। ਅਸਲ ਵਿੱਚ ਤਾਰੇਮੀਰੇ ਦਾ ਬੀਜ ਇੱਕ ਕਿੱਲੇ ਵਿਚ ਇੱਕ ਪਾ ਪੈਂਦਾ ਹੈ। ਕੋਈ ਵੀ ਠੀਕ ਨਾ ਦੱਸ ਸਕਿਆ।

ਸੋਈ ਸਰ੍ਹੋਂ ਬੀਜਣ ਤੋਂ ਬਾਦ ਪਹਿਲਾਂ ਉਸ ਦਾ ਸਾਗ ਤੋੜ ਲਿਆ ਜਾਂਦਾ ਸੀ। ਇਸ ਤਰ੍ਹਾਂ ਪਹਿਲਾਂ ਸਰ੍ਹੋਂ ਦੀਆਂ ਗੰਦਲਾਂ ਤੋੜ ਲੈਣੀਆਂ। ਜਦੋਂ ਸਰ੍ਹੋਂ ਨੇ ਪੱਕਣ 'ਤੇ ਆਉਣਾ ਫੇਰ ਮੀਂਹ, ਹਨੇਰੀ ਅਤੇ ਗੜੇ ਪੈ ਜਾਣੇ। ਸਰ੍ਹੋਂ ਐਨੀ ਨਾਜ਼ੁਕ ਹੁੰਦੀ ਹੈ ਕਿ ਥੋੜ੍ਹੀ ਜਿਹੀ ਵੀ ਤੇਜ਼ ਹਵਾ ਆਵੇ ਤਾਂ ਉਸ ਦੀਆਂ ਫਲੀਆਂ ਪਾਟ ਕੇ ਕਿਰ ਜਾਂਦੀਆ ਹਨ। ਫੇਰ ਜਦੋਂ ਸਰ੍ਹੋਂ ਵੱਢਣੀ ਉਦੋਂ ਤਰਪਾਲਾਂ ਵਿਛਾਉਣੀਆਂ ਜਾਂ ਪੋਚੇ ਫੇਰ ਕੇ ਪੱਕੇ ਪਿੜ ਬਣਾਉਣੇ। ਉਸ ਉੱਪਰ ਸਰ੍ਹੋਂ ਰੱਖ ਕੇ ਉਸ ਨੂੰ ਸਹਿਜੇ-ਸਹਿਜੇ ਕੇਰਨਾ। ਅਗਰ ਸਰ੍ਹੋਂ ਜ਼ਿਆਦਾ ਹੋਣੀ ਤਦ ਉਸ ਉੱਪਰ ਪਸ਼ੂ ਫੇਰਨੇ। ਫੇਰ ਉਸ ਨੂੰ ਸੰਭਾਲਣਾ ਕਿ ਇਸ ਵਿੱਚ ਮਿੱਟੀ ਨਾ ਰਲ ਜਾਵੇ। ਸਰ੍ਹੋਂ ਦਾ ਬੀਜਣਾ ਅਤੇ ਉਸ ਨੂੰ ਕੱਢਣਾ ਬਹੁਤ ਹੀ ਤਕਨੀਕੀ ਕੰਮ ਹੁੰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਦੀਵਾ ਤੇਲ ਅਤੇ ਬੱਤੀ ਨੂੰ ਬਾਲਦਾ ਹੈ। ਉਸ ਦਾ ਤੇਲ ਸਰ੍ਹੋਂ ਵਿੱਚੋਂ ਨਿਕਲਦਾ ਹੈ। ਫੇਰ ਤੁਸੀਂ ਉਸ ਸਰ੍ਹੋਂ ਨੂੰ ਕੋਹਲੂ ਵਿੱਚ ਪੀੜਦਿਆਂ ਦੇਖਿਆ ਹੋਵੇਗਾ। ਉੱਥੇ ਅੱਗ ਨਿਕਲਦੀ ਹੈ। ਅਗਰ ਹੱਥ ਲੱਗ ਜਾਵੇ ਤਾਂ ਹੱਥ ਸੜ ਜਾਂਦਾ ਹੈ। ਤੇਲ ਵੀ ਗਰਮ ਹੋਇਆ ਹੁੰਦਾ ਹੈ। ਉਹ ਤੇਲ ਚਾਹੇ ਬਿਜਲੀ ਵਾਲੇ ਜਾਂ ਦੂਸਰੇ ਕੋਹਲੂ ਨਾਲ ਕੱਢਿਆ ਜਾਵੇ।

*ਤੇਲੀ ਕੇ ਬਲਦ ਕੋ ਘਰ ਹੀ ਕੋਸ ਪਚਾਸ।*

ਉਦੋਂ ਕੋਹਲੂ ਨੂੰ ਬਲਦਾਂ ਨਾਲ ਚਲਾਉਂਦੇ ਸਨ। ਬੱਤੀ ਵਾਸਤੇ ਵੀ ਕਪਾਹ ਬੀਜ ਕੇ ਉਸ ਨੂੰ ਝੰਬਣੀ ਨਾਲ ਝੰਬ ਕੇ ਵੇਲਣੇ ਵਿੱਚੋਂ ਦੀ ਕੱਢ ਕੇ ਵੜੇਂਵੇ ਵੱਖਰੇ ਕੀਤੇ ਜਾਂਦੇ ਹਨ। ਰੂੰ ਵੱਖਰੀ ਕੀਤੀ ਜਾਂਦੀ ਹੈ। ਫੇਰ ਉਸ ਨੂੰ ਪਿੰਜ ਕੇ ਬੱਤੀ ਬਣਾਈ ਜਾਂਦੀ ਹੈ। ਫੇਰ ਦੀਵੇ ਵਿੱਚ ਪਾਈ ਜਾਂਦੀ ਹੈ। ਇਸ ਤਰ੍ਹਾਂ ਲਾਈਟ ਬਣਨ ਲਈ ਇਨਸਾਨ ਨੂੰ ਕਿਰਦਾਰ ਅਤੇ ਅਮਲ ਬਣਾਉਣਾਂ ਪੈਂਦਾ ਹੈ ਤਾਂ ਕਿ ਲੋਕਾਂ ਵਿੱਚ ਰੋਸ਼ਨੀ ਕੀਤੀ ਜਾ ਸਕੇ।

**ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮਰਨਾ ਸਭ ਨੇ ਹੈ ਪਰ ਜੋ ਦੀਵਾ ਬਣ ਕੇ ਮਰਦੇ ਹਨ।

*ਜਬ ਹਮ ਆਏ ਜਗਤ ਮੇਂ ਜਗ ਹੰਸਾ ਹਮ ਰੋਇ॥*
*ਐਸੀ ਕਰਨੀ ਕਰ ਚਲੋ ਹਮ ਹੰਸੇ ਜਗ ਰੋਇ॥*

ਜੋ ਵੀ ਗੁਣਾਂ ਦੁਆਰਾ ਇੱਥੋਂ ਜਾਂਦਾ ਹੈ ਉਸ ਦੀ ਜੈ-ਜੈ ਕਾਰ ਹੁੰਦੀ ਹੈ।

**ਨਾਮੁ ਭਗਤਿ ਦੇ ਨਿਜ ਘਰਿ ਬੈਠੇ**
**ਅਜਹੁ ਤਿਨਾੜੀ ਆਸਾ॥**

ਜੱਟੀਆਂ, ਰਜਵਾੜੇ, ਪੰਡਿਤ ਜਾਂ ਹੋਰ ਜੋ ਵੀ ਲੋਕ ਮੱਝਾਂ, ਗਊਆਂ ਰੱਖਦੇ ਹਨ ਉਹ ਸ਼ਾਮ ਨੂੰ ਦੁੱਧ ਨੂੰ ਕੋਸਾ ਜਿਹਾ ਕਰਕੇ ਉਸ ਨੂੰ ਦਿਨ ਵਾਲੇ ਦਹੀਂ ਦਾ ਥੋੜ੍ਹਾ ਜਿਹਾ ਖੱਟਾ ਲਗਾ ਕੇ, ਸਿਰਹਾਣੇ ਰੱਖ ਕੇ ਉੱਪਰ ਛਿੱਕਾਲਾ ਰੱਖ ਕੇ ਘੁੱਟ ਕੇ ਬੰਨ੍ਹ ਦਿੰਦੇ ਹਨ ਤਾਂ ਕਿ ਬਿੱਲੀ ਜਾਂ ਹੋਰ ਕੋਈ ਜਾਨਵਰ ਉਸ ਨੂੰ ਖਰਾਬ ਨਾ ਕਰੇ। ਕਿਸੇ ਮਰਾਸੀ ਨੂੰ ਜੱਟ ਨੇ ਮੱਝ ਜਾਂ ਗਊ ਦੇ ਦਿੱਤੀ। ਮਰਾਸਣ ਨੇ ਦੁੱਧ ਚੋ ਕੇ ਜਜਮਾਨਣੀ ਤੋਂ ਖੱਟਾ ਲਾਉਣਾ ਸਿੱਖ ਦੇ ਖੱਟਾ ਲਗਾ ਦਿੱਤਾ ਅਤੇ ਦੁੱਧ ਸਿਰਹਾਣੇ ਰੱਖ ਕੇ ਸੋ ਗਈ। ਪਰ ਉਸ ਤੋਂ ਹੌਂਸਲਾ ਨਾ ਹੋਵੇ। ਉਹ ਇਸ ਤਰ੍ਹਾਂ ਅੱਧੇ-ਅੱਧੇ ਘੰਟੇ ਬਾਦ ਉੱਠ ਕੇ ਦੁੱਧ ਪੀ-ਪੀ ਕੇ ਦੇਖਦੀ ਰਹੀ ਅਤੇ ਰਾਤੋਂ-ਰਾਤ ਹੀ ਸਾਰਾ ਦੁੱਧ ਪੀ ਗਈ। ਸਵੇਰੇ ਮਰਾਸੀ ਕਹਿਣ ਲੱਗਾ, ਲਿਆ

ਮੀਰਜ਼ਾਦੀਏ! ਦਹੀਂ ਖਾਈਏ। ਉਸ ਨੇ ਉੱਤਰ ਦਿੱਤਾ ਕਿ

*ਧੰਨ ਪ੍ਰਭਾਣੀਆ ਜੋ ਸਿਰਹਾਣੇ*
*ਦਹੀਂ ਜਮਾ ਕੇ ਸੌਂਦੀਆਂ ਹਨ।*

ਮੈਂ ਤਾਂ ਸੁਆਦ-ਸੁਆਦ ਵਿੱਚ ਰਾਤ ਨੂੰ ਹੀ ਸਾਰਾ ਦੁੱਧ ਪੀ ਗਈ।

ਹੁਣ ਕਿਸੇ ਚੀਜ਼ ਦੀ ਪ੍ਰਾਪਤੀ ਲਈ ਹੌਂਸਲਾ ਕਰਨਾ ਪੈਣਾ ਹੈ। ਸਿਮਰਨ ਕਰਕੇ ਕਾਹਲੀ ਨਹੀਂ ਕਰਨੀ ਕਿ ਸਾਨੂੰ ਹੁਣੇ ਹੀ ਪਾਰਬ੍ਰਹਮ ਦੇ ਜਾਂ ਪਾਤਿਸ਼ਾਹੀਆਂ ਦੇ ਦਰਸ਼ਨ ਹੋਣ। ਹੁਣੇ ਹੀ ਸ੍ਰੀ ਹਰਿਮੰਦਿਰ ਸਾਹਿਬ ਦੇ ਦਰਸ਼ਨ ਹੋਣ ਜਾਂ ਹੁਣੇ ਅੰਦਰ ਗੁਰਬਾਣੀ ਸੁਣਾਈ ਦੇਣ ਲੱਗ ਪਏ। ਆਹਿਸਤਾ-ਆਹਿਸਤਾ ਸਾਰੀ ਬਖਸ਼ਿਸ਼ ਹੋਵੇਗੀ।

*ਧੀਰੇ ਧੀਰੇ ਰੇ ਮਨਾ ਧੀਰੇ ਸਭ ਕਿਛੁ ਹੋਇ।*
*ਮਾਲੀ ਸੀਂਚੇ ਸੌ ਘੜਾ ਰਿਤੁ ਆਏ ਫਲ ਹੋਇ॥*

ਸੰਤਾਂ ਮਹਾਂਪੁਰਸ਼ਾਂ ਨੇ ਬਹੁਤ ਦੇਰ ਸਿਮਰਨ ਕੀਤਾ। ਹਜ਼ੂਰ ਨੌਂਵੇਂ ਪਾਤਿਸ਼ਾਹ ਜੀ ਨੇ ਛੱਬੀ ਸਾਲ, ਨੌਂ ਮਹੀਨੇ, ਤੇਰਾਂ ਦਿਨ ਬਾਬਾ ਬਕਾਲਾ ਸਾਹਿਬ ਵਿਖੇ ਭੋਰੇ ਵਿੱਚ ਬੈਠ ਕੇ ਸਿਮਰਨ ਕੀਤਾ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਭਗੌਰ ਸਾਹਿਬ ਜਾ ਕੇ ਸਿਮਰਨ ਕੀਤਾ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਕਿੱਲੀ ਨਾਲ ਕੇਸ ਬੰਨ੍ਹ ਕੇ ਸਿਮਰਨ ਕੀਤਾ। ਹਜ਼ੂਰ ਪਹਿਲੇ ਪਾਤਿਸ਼ਾਹ ਜੀ ਨੇ ਰੋੜੀ ਸੱਖਰ ਵਿਖੇ ਰੋੜੀ ਕੁੱਟ ਕੇ ਉਸ ਉੱਪਰ ਬੈਠ ਕੇ ਸਿਮਰਨ ਕੀਤਾ। ਸਾਰੀਆਂ ਪਾਤਿਸ਼ਾਹੀਆਂ, ਸਾਰੇ ਸੰਤਾਂ, ਸਾਰੇ ਮਹਾਂਪੁਰਖਾਂ ਨੇ ਇਸ ਤਰ੍ਹਾਂ ਸਿਮਰਨ ਕੀਤਾ। ਸ੍ਰੀ ਰਾਮ ਚੰਦਰ ਜੀ ਦੇ ਸਤਿਗੁਰੂ ਵਸ਼ਿਸ਼ਟ ਜੀ ਸਨ। ਉਹਨਾਂ ਨੇ ਅਠਾਸੀ ਹਜ਼ਾਰ ਸਾਲ ਵਸ਼ਿਸ਼ਟ ਕੁਟੀਆ ਵਿੱਚ ਬੈਠ ਕੇ ਸਿਮਰਨ ਕੀਤਾ। ਇਹ ਸਥਾਨ ਮਨੀਕਰਨ ਤੋਂ ਉੱਪਰ ਹੈ। ਉਹਨਾਂ ਕਾਹਲੀ ਨਹੀਂ ਕੀਤੀ ਕਿ ਹੁਣੇ ਦੇਖੀਏ ਕਿ ਗੱਲ ਬਣੀ ਹੈ ਜਾਂ ਨਹੀਂ ਬਣੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਭ ਨੇ ਐਨੀ-ਐਨੀ ਦੇਰ ਸਿਮਰਨ ਕੀਤਾ ਪਰ ਦਿੱਲ ਵਿੱਚ ਆਸ ਰੱਖੀ।

*ਹਉ ਤੁਮਰੀ ਕਰਉ ਨਿਤ ਆਸ*
*ਪ੍ਰਭ ਮੋਹਿ ਕਬ ਗਲਿ ਲਾਵਹਿਗੇ॥੧॥ (ਅੰਗ 1321)*

ਕਿ ਹਜ਼ੂਰ ਕਦੇ ਤਾਂ ਖੁਸ਼ੀਆਂ ਬਖ਼ਸ਼ਣਗੇ ਹੀ।

**ਨਾਨਕ ਮਿਲਹੁ ਕਪਟ ਦਰ ਖੋਲਹੁ**
**ਏਕ ਘੜੀ ਖਟੁ ਮਾਸਾ॥੧੨॥**

ਜੋ ਜੀਵ ਸਾਫ਼ ਅਤੇ ਸ਼ੁਧ ਹਿਰਦੇ ਨਾਲ ਇੱਕ ਘੜੀ ਜਾਂ ਉਸ ਦਾ ਥੋੜਾ ਜਿਹਾ ਹਿੱਸਾ ਵੀ ਸਿਮਰਨ ਕਰਦਾ ਹੈ। ਅੱਠ ਰੱਤੀਆਂ ਦਾ ਇੱਕ ਮਾਸਾ ਹੁੰਦਾ ਹੈ ਬਾਰਾ ਮਾਸੇ ਦਾ ਇੱਕ ਤੋਲਾ ਹੁੰਦਾ ਹੈ। ਪੌਣੇ ਚੌਵੀ ਮਿੰਟ ਦੇ ਕਰੀਬ ਇੱਕ ਘੜੀ ਹੁੰਦੀ ਹੈ ਅਤੇ ਢਾਈ ਘੜੀਆਂ ਦਾ ਇੱਕ ਪਲ ਹੁੰਦਾ ਹੈ। ਇਕ ਪਲ ਵਿੱਚ ਇੱਕ ਘੰਟੇ ਤੋਂ ਥੋੜ੍ਹਾ ਜਿਹਾ ਸਮਾਂ ਘੱਟ ਹੁੰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਉਸ ਮਾਲਿਕ ਦਾ ਘੜੀ ਜਾਂ ਉਸ ਤੋਂ ਵੀ ਘੱਟ ਸਮਾਂ ਸਿਮਰਨ ਕਰੋ। ਸੰਤਾਂ ਨੇ ਹੋਰ ਵੀ ਛੋਟ ਦਿੱਤੀ ਹੈ ਕਿ

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥*
*(ਅੰਗ 1377)*

ਇੱਕ ਘੜੀ ਚੌਵੀ ਮਿੰਟ, ਅੱਧੀ ਬਾਰਾਂ ਮਿੰਟ ਅਤੇ ਅੱਧੀ ਤੋਂ ਅੱਧੀ ਛੇ ਮਿੰਟ ਦੇ ਕਰੀਬ ਟਾਈਮ ਬਣਦਾ ਹੈ। ਛੇ ਮਿੰਟ ਕਿਸੇ ਗੁਰੂ ਪਿਆਰੇ ਨਾਲ ਗੁਰਬਾਣੀ ਦੀ ਗੋਸ਼ਟੀ ਕਰਨ ਨਾਲ ਜਾਂ ਸਿਮਰਨ ਕਰਨ ਨਾਲ ਲਾਭ ਮਿਲਦਾ ਹੈ। ਇਸ ਤਰ੍ਹਾਂ ਆਪਣੇ ਮਨ ਵਿੱਚੋਂ ਕਲੇਸ਼, ਕਲਪੱਣਾ, ਕਪਟ ਕੱਢ ਕੇ ਥੋੜਾ ਸਮਾਂ ਮਾਲਿਕ ਦੇ ਨਾਲ ਲਾਉਣਾ ਚਾਹੀਦਾ ਹੈ ਤਾਂ ਕਿ ਹਜ਼ੂਰ ਸਾਨੂੰ ਬਖਸ਼ ਦੇਣ ਅਤੇ ਜਨਮ ਜੋ ਸਾਨੂੰ ਮਾਲਿਕ ਨੇ ਦਿੱਤਾ ਹੈ ਉਹ ਸਫ਼ਲ ਹੋਵੇ।

ਹਜ਼ੂਰ ਕਿਰਪਾ ਕਰਨ। ਕੱਤਕ ਦਾ ਮਹੀਨਾ ਐਤਵਾਰ ਦਾ ਦਿਨ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਖੁਸ਼ੀਆਂ ਖੇੜੇ ਬਖਸ਼ਣ। ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ਦੇ ਹੋਏ ਕਾਰੋਬਾਰਾਂ ਵਿੱਚ ਵਾਧੇ ਬਖਸ਼ਣ ਅਤੇ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ਿਸ਼ ਕੀਤਾ ਹੈ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ ਘਰੁ੪ (ਅੰਗ 135)**
**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥**

ਬਾਣੀ ਸ੍ਰੀ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸ਼ਹੀਦਾਂ ਦੇ ਸਿਰਤਾਜ ਭੇਦ ਬਖਸ਼ ਰਹੇ ਹਨ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਨ ਕੀਤਾ ਹੈ ਕਿ ਕਿਰਤ ਮਾਲਿਕ ਦੀ ਬਖਸ਼ੀ ਹੋਈ ਹੁੰਦੀ ਹੈ। ਕਿਰਤ ਕਰਨ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਮੁਸ਼ਕਲਾਂ ਆਉਣ ਤੋਂ ਬਾਦ ਜੀਵ ਕਾਮਯਾਬ ਹੁੰਦਾ ਹੈ। ਪ੍ਰੰਤੂ ਕਈ ਵਾਰ ਫੇਰ ਜੋ ਜੀਵ ਚੋਰੀ ਕਰਦਾ ਹੈ। ਉਹ ਦਲੀਲ ਦਿੰਦਾ ਹੈ ਕਿ ਲੋਕ ਕਹਿੰਦੇ ਹਨ ਜੀਵ ਜੋ ਵੀ ਕਰਦਾ ਹੈ ਮਾਲਿਕ ਦੇ ਹੁਕਮ ਵਿੱਚ ਕਰਦਾ ਹੈ। ਇਸ ਕਰਕੇ ਮੈਂ ਚੋਰੀ ਵੀ ਮਾਲਿਕ ਦੇ ਹੁਕਮ ਵਿੱਚ ਹੀ ਕਰ ਰਿਹਾਂ ਹਾਂ। ਅਗਰ ਮੈਂ ਕੋਈ ਗਲਤ ਕੰਮ ਕਰ ਰਿਹਾ ਹਾਂ ਤਦ ਵੀ ਮਾਲਿਕ ਦੀ ਮੌਜ ਹੋਵੇਗੀ।

ਕਿਸੇ ਜੀਵ ਨੇ ਚੋਰੀ ਕੀਤੀ। ਉਸ ਉੱਪਰ ਕੇਸ ਚੱਲਿਆ ਅਤੇ ਉਸ ਜੀਵ ਨੂੰ ਸਜ਼ਾ ਹੋ ਗਈ। ਤਦ ਉਸ ਨੇ ਅਪੀਲ ਕੀਤੀ ਕਿ ਜੱਜ ਸਾਹਿਬ! ਮੇਰੇ ਸੱਜੇ ਹੱਥ ਨੇ ਚੋਰੀ ਕੀਤੀ ਹੈ। ਮੇਰਾ ਤਾਂ ਕੋਈ ਕਸੂਰ ਨਹੀਂ ਹੈ ਇਸ ਕਰਕੇ ਮੈਨੂੰ ਸਜ਼ਾ ਨਾ ਦੇ ਕੇ ਮੇਰੇ ਸੱਜੇ ਹੱਥ ਨੂੰ ਸਜ਼ਾ ਦਿੱਤੀ ਜਾਵੇ। ਉਹਨਾਂ ਨੇ ਫੈਸਲਾ ਸੁਣਾਇਆ ਕਿ ਠੀਕ ਹੈ ਤੇਰੇ ਹੱਥ ਨੇ ਗਲਤੀ ਕੀਤੀ ਹੈ। ਅਸੀਂ ਤੇਰੇ ਹੱਥ ਨੂੰ ਜੇਲ੍ਹ ਦੀਆਂ ਸੀਖਾਂ ਨਾਲ ਸੰਗਲ ਨਾਲ ਬੰਨ੍ਹ ਦਿੰਦੇ ਹਾਂ। ਤੂੰ ਬਾਹਰ ਧੁੱਪ ਅਤੇ ਮੀਂਹ ਵਿੱਚ ਰਹੀਂ। ਉਹਨਾਂ ਨੇ ਇਸੇ ਤਰ੍ਹਾਂ ਕੀਤਾ। ਜਦੋਂ ਬਾਹਰ ਮੀਂਹ ਪਵੇ, ਧੁੱਪ ਪਵੇ ਬੁਰਾ ਹਾਲ ਹੋ ਗਿਆ। ਫੇਰ ਉਹ ਕਹਿਣ ਲੱਗਾ ਨਹੀਂ ਜੀ! ਮੇਰੇ ਉੱਪਰ ਕਿਰਪਾ

ਕਰੋ ਅਤੇ ਮੈਨੂੰ ਸਾਰੇ ਨੂੰ ਅੰਦਰ ਲੈ ਚਲੋ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਫੇਰ ਆਪਾਂ ਦੋਸ਼ ਦੇਣਾ ਹੈ। ਸੰਤਾਂ ਨੇ ਫ਼ੁਰਮਾਇਆ ਹੈ ਕਿ

*ਕੋਈ ਮੋੜੋ ਮਨ ਦੀਆਂ ਵਾਗਾਂ ਨੂੰ।*
*ਫੇਰ ਦੋਸ਼ ਨਾ ਦੇਣਾ ਭਾਗਾਂ ਨੂੰ।*

ਇੰਝ ਖਲਾਸੀ ਨਹੀਂ ਹੋਣੀ ਕਿ ਹਰ ਕਿਰਤ ਅਤੇ ਚੋਰੀ ਵੀ ਮਾਲਿਕ ਹੀ ਕਰਵਾ ਰਹੇ ਹਨ। ਅਗਰ ਤੁਸੀਂ ਐਸਾ ਕਰਮ ਕਰੋਗੇ ਫੇਰ ਭਾਗਾਂ ਨੂੰ ਦੋਸ਼ ਨਹੀਂ ਦੇਣਾ। ਹਜ਼ੂਰ ਨੇ ਸਾਨੂੰ ਅੱਖਾਂ ਬਖਸ਼ੀਆਂ ਹਨ, ਅਕਲ ਬਖਸ਼ੀ ਹੈ, ਸੋਚਣ ਦੀ ਸ਼ਕਤੀ ਬਖਸ਼ੀ ਹੈ। ਉਸ ਦੇ ਅਨੁਸਾਰ ਸੋਚ ਕੇ ਕਿਰਤ ਕਰਨੀ ਚਾਹੀਦੀ ਹੈ।

Look before you leap.
Think before you speak.

ਛਾਲ ਮਾਰਨ ਜਾਂ ਉਤਰਨ ਤੋਂ ਪਹਿਲਾਂ ਅੱਗੇ ਦੇਖੋ ਕਿ ਜਗ੍ਹਾ ਠੀਕ ਹੈ। ਬੋਲਣ ਤੋਂ ਪਹਿਲਾਂ ਸੋਚ ਕੇ ਬੋਲੋ ਕਿ ਇਸ ਦਾ ਨਤੀਜਾ ਕੀ ਹੋਵੇਗਾ। ਇਸ ਕਰਕੇ ਸਾਨੂੰ ਹਰ ਕੰਮ ਸੋਚ ਵਿਚਾਰ ਕੇ ਕਰਨਾ ਚਾਹੀਦਾ ਹੈ। ਐਸਾ ਨਾ ਹੋਵੇ ਕਿ ਅਸੀਂ ਬਾਦ ਵਿੱਚ ਕਹੀਏ ਕਿ ਮਾਲਿਕ ਦੀ ਮੌਜ ਵਿੱਚ ਹੀ ਇੰਝ ਕੀਤਾ ਹੈ।

**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥**

ਹੁਣ ਇਸ ਗੱਲ ਨੂੰ ਫੜ ਕੇ ਨਾ ਬੈਠੋ ਕਿ ਜਿਸ ਨੇ ਸਿਮਰਨ ਕਰਨਾ ਹੈ ਮਾਲਕ ਦੇ ਹੁਕਮ ਅਨੁਸਾਰ ਹੀ ਕਰਨਾ ਹੈ।

*ਆਪਿ ਜਪਾਏ ਜਪੈ ਸੋ ਨਾਉ॥ (ਅੰਗ 270)*

ਤਥਾ

*ਸੇ ਸਿਮਰਹਿ ਜਿਨ ਆਪਿ ਸਿਮਰਾਏ॥*
*ਨਾਨਕ ਤਾ ਕੈ ਲਾਗਉ ਪਾਏ॥੩॥ (ਅੰਗ 263)*

ਫੇਰ ਤੁਸੀਂ ਕਹੋ ਕਿ ਮਾਲਿਕ ਹੀ ਮੇਰੇ ਕੋਲੋਂ ਸਿਮਰਨ ਨਹੀਂ ਕਰਵਾ ਰਹੇ। ਪਰ ਸੰਤਾਂ ਨੇ ਬਾਰ-ਬਾਰ ਜੋ ਐਨੀਆਂ ਨਸੀਹਤਾਂ ਕੀਤੀਆਂ ਹਨ ਕਿ ਮਾਲਿਕ ਦੇ ਨਾਮ ਤੋਂ ਬਗੈਰ ਸਭ ਝੂਠ ਹੈ, ਫਿੱਕਾ ਹੈ। ਆਪਾਂ ਸੰਤਾਂ ਦੀਆਂ ਉਹ ਗੱਲਾਂ ਚੇਤੇ ਨਹੀਂ ਰੱਖਦੇ ਅਤੇ ਇੱਕ ਗੱਲ ਨੂੰ ਫੜ ਕੇ ਬੈਠ ਜਾਂਦੇ ਹਾਂ। ਅਗਰ ਆਪਾਂ ਪ੍ਰਮੇਸਵਰ ਨੂੰ ਭੁੱਲ ਕੇ ਗਲਤੀ ਕਰਾਂਗੇ ਫੇਰ ਸਾਰੇ ਦੁਨਿਆਵੀ ਰੋਗ ਕਲੇਸ਼, ਕਲਪਣਾ, ਮੁੱਕਦਮੇ, ਬਿਮਾਰੀਆਂ ਉੱਥੇ ਲਾਗੂ ਹੋ ਜਾਂਦੀਆ ਹਨ।

**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥**

ਇੱਕ ਬਿਮਾਰੀ ਐਸੀ ਹੁੰਦੀ ਹੈ ਜਿਸ ਦਾ ਇਲਾਜ ਹੋ ਜਾਂਦਾ ਹੈ। ਇੱਕ ਸਾਧ ਰੋਗ ਹਨ ਇੱਕ ਅਸਾਧ ਰੋਗ ਹਨ। ਇੱਕ ਬਿਮਾਰੀਆਂ ਐਸੀਆਂ ਹਨ ਜਿਹੜੀਆਂ ਇਲਾਜ ਤੋਂ ਬਾਹਰ ਹਨ ਜਿਵੇਂ ਕੈਂਸਰ, ਏਡਜ਼, ਹੈਪੇਟਾਈਟਸ ਆਦਿ। ਫੇਰ ਹਜ਼ੂਰ ਦੀ ਐਸੀ ਮੌਜ ਹੁੰਦੀ ਹੈ ਕਿ ਜਦੋਂ ਜੀਵ ਗਲਤੀ ਕਰਨੋਂ ਨਹੀਂ ਹੱਟਦਾ ਉਸ ਨੂੰ ਐਸੀ ਬੀਮਾਰੀ ਲੱਗਦੀ ਹੈ ਜੋ ਲਾ-ਇਲਾਜ ਹੁੰਦੀ ਹੈ। ਜਿਸ ਤਰ੍ਹਾਂ ਕੋਈ ਪਰਿਵਾਰਿਕ ਮੈਂਬਰ ਵਿੱਛੜ ਜਾਣਾ, ਕੋਈ ਹੋਰ ਚੀਜ਼ ਖੁਸ ਜਾਣੀ, ਬੱਚੇ ਨੂੰ ਐਕਸੀਡੈਂਟ ਹੋ ਕੇ ਜਾਂ ਬਿਮਾਰ ਹੋ ਕੇ ਕੁੱਝ ਹੋ ਜਾਣਾ। ਐਸਾ ਵਿਯੋਗ ਪੈਂਦਾ ਹੈ ਕਿ ਫੇਰ ਜੀਵ ਦੀ ਸਾਰੀ ਜ਼ਿੰਦਗੀ ਪਛਤਾਵੇ ਵਿੱਚ ਹੀ ਬੀਤ ਜਾਂਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਹਜ਼ੂਰ ਦੀ ਕਿਰਪਾ ਹੋਵੇ ਫੇਰ ਜੀਵ ਨੂੰ ਸਾਰੇ ਸੁਖ ਪ੍ਰਾਪਤ ਰਹਿੰਦੇ ਹਨ।

**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥**

ਅਸੀਂ ਰੋਜ਼ ਟੀ. ਵੀ ਉੱਪਰ ਦੇਖਦੇ ਹਾਂ ਅਤੇ ਅਖ਼ਬਾਰਾਂ ਵਿੱਚ ਖਬਰਾਂ ਪੜ੍ਹਦੇ ਹਾਂ ਕਿ ਪਰਿਵਾਰ ਦੇ ਪੰਜ ਮੈਂਬਰ ਸਨ ਐਕਸੀਡੈਂਟ ਹੋ ਕੇ ਪੰਜੇ ਹੀ ਖਤਮ ਹੋ ਗਏ ਜਾਂ ਇੱਕ ਬੱਚ ਗਿਆ। ਕੋਈ ਦੇਵੀ ਦੇਵਤਿਆ ਜਾਂ ਧਾਰਮਿਕ ਸਥਾਨਾਂ 'ਤੇ ਜਾਂ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਗਏ ਸੀ ਐਕਸੀਡੈਂਟ ਹੋ ਗਿਆ। ਉਦੋਂ ਇੱਕ ਸਕਿੰਟ ਨਹੀਂ ਲੱਗਦਾ, ਹੱਸਦੇ ਖੇਡਦੇ ਪਰਿਵਾਰ ਨੂੰ ਐਸੀ ਨਜ਼ਰ ਲੱਗਦੀ ਹੈ ਫੇਰ ਅੱਛੀਆਂ ਚੀਜਾਂ ਵੀ ਕੌੜੀਆਂ ਲੱਗਣ ਲੱਗ ਪੈਂਦੀਆਂ ਹਨ। ਅਗਰ ਘਰ-ਬਾਰ ਹੋਣ, ਕੋਠੀਆਂ, ਮਹਿਲ ਮਾੜੀਆਂ ਹੋਣ ਪਰ ਉਹਨਾਂ ਵਿੱਚ ਬੱਚੇ ਨਾ ਖੇਡਦੇ ਹੋਣ ਫੇਰ ਉਹ ਮਹਿਲ ਮਾੜੀਆਂ ਵੀ ਖਾਲੀ ਅਤੇ ਸੁੰਨ-ਮਸਾਨ ਨਜ਼ਰ ਆਉਂਦੇ ਹਨ। ਘਰ-ਬਾਰ ਜਮੀਨ ਜ਼ਾਇਦਾਦ ਸਭ ਕੁਝ ਹੋਵੇ ਪਰ ਜਦੋਂ ਤੱਕ ਉਹਨਾਂ ਦਾ ਵਾਰਿਸ ਨਾ ਹੋਵੇ ਤਦ ਲੋਕ ਉਸ ਜਾਇਦਾਦ ਨੂੰ ਲਾਵਾਰਿਸ ਸਮਝ ਕੇ ਤੋਇ-ਤੋਇ ਕਰਦੇ ਹਨ। ਇਸ ਕਰਕੇ ਸਾਨੂੰ ਉਸ ਮਾਲਿਕ ਦੀ ਮਿਹਰ ਹਮੇਸ਼ਾ ਮੰਗਣੀ ਚਾਹੀਦੀ ਹੈ ਕਿਉਂਕਿ ਅਸੀਂ ਹਰ ਸਮੇਂ ਅਰਦਾਸਾਂ ਕਰਦੇ ਹਾਂ ਕਿ ਲੜਕੀ ਨੂੰ ਅੱਛਾ ਵਰ ਅਤੇ ਲੜਕੇ ਨੂੰ ਅੱਛੀ ਪਤਨੀ ਮਿਲੇ। ਫੇਰ ਅਰਦਾਸ ਕਰੀਦੀ ਹੈ ਕਿ ਨੌਕਰੀ ਮਿਲ ਜਾਵੇ। ਫੇਰ ਅਰਦਾਸ ਕਰੀਦੀ ਹੈ ਕਿ ਬੱਚੇ ਹੋ ਜਾਣ। ਫੇਰ ਕਹੀਦਾ ਹੈ ਕਿ ਅਗਾਂਹ ਬੱਚੇ, ਪੁੱਤਰ-ਧੀਆਂ, ਵਧੀਆ ਪੜ੍ਹ ਜਾਣ। ਫੇਰ ਉਹਨਾਂ ਦੇ ਵਿਆਹ ਕਰੀਏ। ਫੇਰ ਅਗਾਂਹ ਉਹਨਾਂ ਦੇ ਬੱਚੇ ਹੋਣ ਅਤੇ ਉਹ ਵੀ ਵਧੀਆ ਪੜ੍ਹਨ। ਇੱਕ-ਇੱਕ ਸਕਿੰਟ ਵਿੱਚ ਮੰਗਾਂ ਮੰਗੀਦੀਆਂ ਹਨ ਕਿ ਤੰਦਰੁਸਤੀ ਹੋਵੇ, ਕਾਰੋਬਾਰ ਵਧੀਆ ਹੋਵੇ, ਪੜ੍ਹਾਈ ਦਾ ਸਾਧਨ ਹੋਵੇ। ਕੋਈ ਵੀ ਐਸਾ ਸਮਾਂ ਨਹੀਂ ਹੈ ਜਦੋਂ ਮਾਲਿਕ ਦੀ ਸਹਾਇਤਾ ਦੀ ਲੋੜ ਨਾ ਹੋਵੇ। ਇਸ ਕਰਕੇ ਹਰ ਸਮੇਂ ਮਾਲਿਕ, ਅਕਾਲ ਪੁਰਖ, ਵਾਹਿਗੁਰੂ, ਅੱਲਾਹ, ਗਾਡ, ਰਾਮ ਦੀ ਕਿਰਪਾ shower of blessings, ਮਿਹਰ, ਦਇਆ ਦੀ ਜਰੂਰਤ ਹੈ।

**ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥**

ਅਗਰ ਐਸਾ ਵਾਕਿਆ ਵਾਪਰ ਜਾਂਦਾ ਹੈ ਫੇਰ ਉਸ ਜੀਵ ਦਾ ਕੋਈ ਵੀ ਸਾਕ-ਸੰਬੰਧੀ, ਫੌਜਾਂ, ਹਾਥੀ, ਘੋੜੇ

*ਹਾਥੀ ਘੋੜੇ ਬੰਧੇ ਰਹੇਂ ਬੰਧੇ ਰਹੇਂ ਅਸਵਾਰ।*
*ਗਿਆਨ ਕਾ ਦੀਪਕ ਬੁਝ ਗਿਆ*
*ਹੋ ਗਈ ਜੀਤ ਕੀ ਹਾਰ।*

ਫੇਰ ਕਿਸੇ ਦੀ ਕੋਈ ਪੇਸ਼ ਨਹੀਂ ਜਾਂਦੀ। ਫੇਰ ਜੀਵ ਦਾ ਕੋਈ ਚਾਰਾ ਨਹੀਂ ਚੱਲਦਾ।

**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥**

ਫੇਰ ਇੱਕੋ ਹੀ ਕਿਹਾ ਜਾਂਦਾ ਹੈ ਕਿ ਭਈ ਇਹ ਭਾਣਾ ਇੰਝ ਹੀ ਵਾਪਰਨਾ ਸੀ। ਫੇਰ ਅਸੀਂ ਸੰਜੋਗ ਉੱਪਰ ਆ ਕੇ ਟਿਕਦੇ ਹਾਂ। ਅੱਗੋਂ ਪਿੱਛੋਂ ਅਸੀਂ ਸੋਚਦੇ ਹਾਂ ਕਿ ਅਸੀਂ ਹੀ ਸਭ ਕੁਝ ਕਰਦੇ ਹਾਂ। ਜਦੋਂ ਐਸਾ ਭਾਣਾ ਵਾਪਰ ਜਾਂਦਾ ਹੈ ਫੇਰ ਕਹਿੰਦੇ

Monthly **GURBANI UPMA** Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਹਨ ਕਿ ਸੰਜੋਗ ਇੱਦਾਂ ਹੀ ਸੀ। ਇਸ ਕਰਕੇ ਉਹਨਾਂ ਸੰਜੋਗਾਂ ਨੂੰ ਠੀਕ ਰੱਖਣ ਲਈ ਸਾਨੂੰ ਉਸ ਮਾਲਿਕ ਦੀ ਸੇਵਾ ਸਿਮਰਨ ਅਤੇ ਪੂਜਾ ਪਾਠ ਕਰਕੇ ਹਾਜ਼ਰੀ ਲੁਆਉਣੀ ਚਾਹੀਦੀ ਹੈ।

**ਵਡਭਾਗੀ ਮੇਰਾ ਪ੍ਰਭੁ ਮਿਲੈ ਤਾ ਉਤਰਹਿ ਸਭਿ ਬਿਓਗ ॥**

ਜੇਕਰ ਉਹ ਮਾਲਿਕ ਪੂਰਨ ਸੰਤ ਸਤਿਗੁਰੂ ਮਿਲ ਜਾਣ, ਗੁਰਬਾਣੀ ਦੀ ਬਖਸ਼ਿਸ਼ ਹੋ ਜਾਵੇ ਫੇਰ ਮਾਲਿਕ ਉਸ ਦੀਆਂ ਸਾਰੀਆਂ ਕਮੀਆਂ ਦੂਰ ਕਰ ਦਿੰਦੇ ਹਨ। ਦੁੱਖ ਕਲੇਸ਼ ਨਵਿਰਤ ਕਰ ਦਿੰਦੇ ਹਨ। ਬੀਮਾਰੀਆਂ ਠੀਕ ਹੋ ਜਾਂਦੀਆਂ ਹਨ। ਐਕਸੀਡੈਂਟ ਤੋਂ ਬਚਾਅ ਹੋ ਜਾਂਦੇ ਹਨ। ਅਗਰ ਜੀਵ ਜਾ ਰਿਹਾ ਹੋਵੇ ਅਤੇ ਮਾਲਿਕ ਦੀ ਕਿਰਪਾ ਹੋਵੇ ਫੇਰ ਗੱਡੀ ਪੰਜ ਮਿੰਟ ਅੱਗੇ-ਪਿੱਛੇ ਹੋ ਜਾਂਦੀ ਹੈ। ਕਈ ਵਾਰ ਦੂਸਰੀ ਗੱਡੀ ਦਾ ਟਾਇਰ ਫੱਟ ਕੇ ਉਹ ਗੱਡੀ ਵਿੱਚ ਆ ਕੇ ਵੱਜਦੀ ਹੈ ਜਾਂ ਸ਼ਰਾਬੀ ਜੀਵ ਗੱਡੀ ਲਿਆ ਕੇ ਵਿੱਚ ਮਾਰ ਦਿੰਦਾ ਹੈ। ਉੱਥੇ ਅਗਰ ਤੁਸੀਂ ਠੀਕ ਵੀ ਹੋ ਤਦ ਕੀ ਕਰੋਗੇ। ਹੁਣ ਸਾਡੇ ਇੰਸਟੀਚਿਊਟ ਦੀ ਜਿਪਸੀ ਜਾ ਰਹੀ ਸੀ। ਦੂਜੇ ਪਾਸੇ ਐਕਸੀਡੈਂਟ ਹੋਇਆ ਅਤੇ ਦੂਜੇ ਪਾਸਿਉਂ ਗੱਡੀ ਉੱਡ ਕੇ ਆ ਕੇ ਸਾਡੀ ਜਿਪਸੀ ਵਿੱਚ ਆ ਵੱਜੀ। ਹੁਣ ਪੰਛੀ ਤਾਂ ਉੱਡਦੇ ਦੇਖੇ ਸੀ ਪਰ ਗੱਡੀ ਨਹੀਂ ਸੀ ਉੱਡਦੀ ਦੇਖੀ। ਅਸੀਂ ਇੱਕ ਦਫਾ ਉੱਜਲ ਸਿੰਘ ਬਾਜਵਾ ਦੇ ਪਿੰਡ ਸਰਾਵਾਂ ਨੂੰ ਜਾ ਰਹੇ ਸੀ। ਅੱਗੋਂ ਇੱਕ ਨੀਲ ਗਊ ਆਈ। ਉਸ ਦੇ ਪਿੱਛੇ ਕੁੱਤੇ ਵਗੈਰਾ ਲੱਗੇ ਹੋਏ ਸਨ। ਉਸ ਨੇ ਐਨੀ ਜ਼ੋਰ ਦੀ ਛਾਲ ਮਾਰੀ ਕਿ ਹਜ਼ੂਰ ਦੀ ਐਸੀ ਮੌਜ ਸੀ ਕਿ ਉਹ ਸਾਡੀ ਗੱਡੀ ਦੇ ਉੱਪਰੋਂ ਹੀ ਟੱਪ ਗਈ। ਉਸ ਦੇ ਪੈਰ ਵੱਜ ਕੇ ਗੱਡੀ ਦੀਆਂ ਲਾਈਟਾਂ ਜਰੂਰ ਟੁੱਟ ਗਈਆਂ। ਇਹ ਕਹਿਣ ਲੱਗੇ ਲਾਈਟਾਂ ਟੁੱਟ ਗਈਆਂ ਹਨ। ਅਸੀਂ ਕਿਹਾ ਅਗਰ ਉੱਤੇ ਡਿੱਗ ਪੈਂਦੀ ਫੇਰ ਕੀ ਬਣਨਾ ਸੀ। ਨੀਲ ਗਊ ਬਹੁਤ ਵੱਡੀ ਗਰਦਨ ਵਾਲੀ ਹੁੰਦੀ ਹੈ। ਸੋਈ ਤੁਸੀਂ ਉੱਥੇ ਕੀ ਕਰ ਸਕਦੇ ਹੋ। ਅਗਰ ਸਾਡੀ ਗੱਡੀ ਥੋੜ੍ਹੀ ਜਿਹੀ ਵੀ ਅੱਗੇ-ਪਿੱਛੇ ਹੁੰਦੀ ਤਦ ਕੋਈ ਬਚਾਅ ਨਹੀਂ ਸੀ। ਉਹ ਕੁਦਰਤੀ ਗੱਡੀ ਉੱਥੇ ਹੋਣ ਕਰਕੇ ਉਪਰੋਂ ਦੀ ਟੱਪ ਗਈ। ਜੇਕਰ ਹਜ਼ੂਰ ਚਾਹੁਣ ਤਦ

*ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ (ਅੰਗ 277)*

ਫੇਰ ਕੋਈ ਨਾ ਕੋਈ ਬਹਾਨਾਂ ਜਾਂ ਬਿਧ ਬਣ ਜਾਂਦੀ ਹੈ ਅਤੇ ਜੀਵ ਦਾ ਕਰਮ ਟਲ ਜਾਂਦਾ ਹੈ। ਅਗਰ ਐਕਸੀਡੈਂਟ ਹੋਣਾ ਹੋਵੇ ਅਗਰ ਜੀਵ ਘਰੋਂ ਹੀ ਦੋ ਮਿੰਟ ਲੇਟ ਤੁਰੇ ਉਹ ਸਮਾਂ, ਘੜੀ ਉੱਥੋਂ ਅੱਗੇ-ਪਿੱਛੇ ਹੋ ਜਾਵੇ ਜਾਂ ਦੋ ਮਿੰਟ ਪਹਿਲਾਂ ਤੁਰ ਪਵੇ ਫੇਰ ਬਚਾਅ ਹੋ ਜਾਂਦਾ ਹੈ ਜਾਂ ਰੱਖਿਆ ਹੁੰਦੀ ਹੈ। ਸੋਈ ਅਗਰ ਸਾਨੂੰ ਵੱਡਭਾਗੀ ਤਾਕਤ ਮਿਲੇ ਤਦ ਉਹ ਹੀ ਸਾਰੀਆਂ ਉਪਾਧੀਆਂ ਤੋਂ ਬਚਾ ਕੇ ਰੱਖਦੀ ਹੈ।

**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ।**

ਸੱਚੇ ਪਾਤਿਸ਼ਾਹੋ! ਤੁਸੀ ਕਾਲ ਦੇ ਜੇਲ੍ਹਖਾਨੇ ਵਿੱਚੋਂ ਰਿਹਾਅ ਕਰਵਾਉਣ ਦੀ ਸਮਰੱਥਾ ਰੱਖਦੇ ਹੋ। ਸਾਨੂੰ ਕਾਲ ਦੇ ਚੱਕਰ 'ਚੋਂ ਬਚਾ ਕੇ ਰੱਖਿਉ, ਸਾਡੇ ਸਿਰ ਉੱਪਰ ਹਮੇਸ਼ਾ ਮਿਹਰ ਭਰਿਆ ਹੱਥ ਰੱਖਿਉ।

**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥**

ਜਿਹੜੇ ਜੀਵ ਕੱਤਕ ਦੇ ਮਹੀਨੇ ਵਿੱਚ ਸਾਧੂ ਦੀ ਸੰਗਤ ਕਰਦੇ ਹਨ ਉਹਨਾਂ ਨੂੰ ਕੁਝ ਵੀ ਸੋਚਣ ਦੀ ਲੋੜ ਨਹੀਂ ਹੈ। ਸਾਧੂ ਉਸ ਜੀਵ ਦੀ ਆਪੇ ਹੀ ਰੱਖਿਆ ਕਰਦੇ ਹਨ। ਸੋਈ ਸਾਧੂ ਦੀ ਸੰਗਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੱਤਕ ਦੇ ਮਹੀਨੇ ਵਿੱਚ ਸੰਗ੍ਰਾਂਦ ਹੋਵੇ ਜਾਂ ਐਤਵਾਰ ਨੂੰ ਸਤਿਸੰਗ ਹੋਵੇ ਵੱਧ ਤੋਂ ਵੱਧ ਕੋਸ਼ਿਸ਼ ਕਰਕੇ ਸਤਿਸੰਗ ਸੁਣੋ। ਕੱਤਕ ਦੇ ਮਹੀਨੇ ਨੂੰ ਕਨੇਤ ਦਾ ਮਹੀਨਾ ਸਮਝਿਆ ਜਾਂਦਾ ਸੀ। ਇਸ ਵਿੱਚ ਵਹਿਮ ਭਰਮ ਬਹੁਤ ਪੈਂਦੇ ਹਨ। ਪਰ ਜੇਕਰ ਜੀਵ ਸਾਧੂ ਦੀ ਸੰਗਤ ਕਰਦੇ ਹਨ ਉਹਨਾਂ ਨੂੰ ਕੁਝ ਵੀ ਸੋਚਣ ਦੀ ਲੋੜ ਨਹੀਂ ਹੈ ਕਿਉਂਕਿ ਫੇਰ ਉਸ ਜੀਵ ਦੀ ਰੱਖਿਆ ਅਤੇ ਸਹਾਇਤਾ ਹਜ਼ੂਰ ਆਪ ਹੀ ਕਰਦੇ ਹਨ।

ਸੋਈ ਕੱਤਕ ਦਾ ਮਹੀਨਾ ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖ਼ਸ਼ੀ ਹੈ ਇਸੇ ਤਰ੍ਹਾਂ ਬਖ਼ਸ਼ੀ ਰੱਖਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglhosp.org

***ਐਡੀਟਰ :*** **ਮਹਿੰਦਰ ਸਿੰਘ ਪਰਵਾਨਾ** **ਜਿਲਦ-23 ਅੰਕ 8** **ਅਕਤੂਬਰ : 2010** **ਕੀਮਤ : 6 ਰੁਪੈ**